DAILY
LOK BANI
PUNJABI NEWSPAPER

ਲੋਕ tv ਬਾਣੀ


AMAN MEHRA (CHIEF EDITOR )

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਮੰਗਲਵਾਰ, 17 ਸਤੰਬਰ 2024

Email:- lokbani08@gmail.com

**ਅੱਜ ਦਾ ਸ਼ੁਭ ਵਿਚਾਰ**



ਜਦੋਂ ਇਕੱਲੇ ਹੋਵੋ ਤਾਂ ਅਪਣੇ ਖਿਆਲਾਂ ਦਾ ਧਿਆਨ ਰੱਖੋ, ਜਦੋਂ ਲੋਕਾਂ ਵਿੱਚ ਹੋਵੋ ਤਾਂ ਅਪਣੇ ਸ਼ਬਦਾਂ ਦਾ ਧਿਆਨ ਰੱਖੋ

ਕਿਮੀ ਅਰੋੜਾ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ✶ ਸਾਲ 16 , ✶ ਅੰਕ : 99, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111

## ਉੱਤਰੀ ਬ੍ਰਿਟਿਸ਼ ਕੋਲੰਬੀਆ ਦੇ ਤੱਟ ਤੇ ਆਇਆ ਦੋ ਵਾਰ ਭੂਚਾਲ ਫੈਲੀ ਦਹਿਸ਼ਤ

**ਵੈਨਕੂਵਰ**, -: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤੇ ਦੇ ਉੱਤਰੀ ਤੱਟ ਤੇ ਐਤਵਾਰ ਨੂੰ ਦੋ ਵਾਰ ਭੂਚਾਲ ਆਇਆ ਜਿਨ੍ਹਾਂ ਵਿਚੋਂ ਇਕ ਦੀ ਤੀਬਰਤਾ 6.5 ਸੀ। ਇਨ੍ਹਾਂ ਭੂਚਾਲਾਂ ਕਾਰਨ ਕਿਸੇ ਵੀ ਤਰ੍ਹਾਂ ਦਾ ਜਾਨ ਮਾਲ ਦਾ ਨੁਕਸਾਨ ਹੋਣੋਂ ਬਚਾਅ ਰਿਹਾ। ਅਮਰੀਕੀ ਭੂ-ਵਿਗਿਆਨ ਸਰਵੇਖਣ ਨੇ ਕਿਹਾ ਕਿ ਪਹਿਲੇ ਭੂਚਾਲ ਦੀ ਸ਼ਿੱਦਤ 6.5 ਮਾਪੀ ਗਈ, ਜੋ ਸਥਾਨਕ ਸਮੇਂ ਅਨੁਸਾਰ ਦੁਪਹਿਰ 3:20 ਵਜੇ ਆਇਆ। ਇਸਦਾ ਕੇਂਦਰ ਵੈਨਕੂਵਰ



ਤੋਂ ਲਗਭਗ 1,720 ਕਿਲੋਮੀਟਰ ਉੱਤਰ ਵਿੱਚ ਸਥਿਤ ਹੈਡਾ ਗਵਾਈ ਟਾਪੂ ਦੇ ਨੇੜੇ 33 ਕਿਲੋਮੀਟਰ ਦੀ ਡੂੰਘਾਈ ਵਿੱਚ ਸੀ। ਏਪੀ

## ਉਤਰਾਖੰਡ ਚ ਦੋ ਭੈਣਾ ਦੀ ਗੰਗਾ ਨਦੀ ਵਿਚ ਰੁੜਣ ਨਾਲ ਹੋਈ ਮੌਤ

**ਉਤਰਾਖੰਡ, ਲੋਕ ਬਾਣੀ**-- ਉਤਰਾਖ਼ੰਡ ਦੇ ਹਰੀਪੁਰ ਵਿਖੇ ਆਪਣੇ ਛੋਟੇ ਭਰਾ ਨੂੰ ਡੁੱਬਣ ਤੋਂ ਬਚਾਉਣ ਲਈ ਦੋ ਭੈਣਾਂ ਗੰਗਾ ਨਦੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਈਆਂ। ਪੁਲਿਸ ਨੇ ਦੱਸਿਆ ਕਿ ਘਟਨਾ ਸਵੇਰੇ ਸਾਢੇ 11 ਵਜੇ ਗੀਤਾ ਕੁਟੀਰ ਘਾਟ ’ਤੇ ਵਾਪਰੀ, ਜਿੱਥੇ ਇਕ ਔਰਤ ਦੋ ਪਰਿਵਾਰਾਂ ਦੇ ਪੰਜ ਬੱਚਿਆਂ ਨਾਲ ਨਹਾ ਰਹੀ ਸੀ। ਅਧਿਕਾਰੀਆਂ ਅਨੁਸਾਰ 9 ਸਾਲਾ ਸੂਰਜ ਪਾਣੀ ਦੇ ਤੇਜ਼ ਵਹਾਅ ’ਚ ਵਹਿਣ ਲੱਗਾ, ਜਿਸ ਤੋਂ ਬਾਅਦ ਉਸ ਦੀਆਂ ਦੋ ਭੈਣਾਂ ਸਾਕਸ਼ੀ (15) ਅਤੇ ਵੈਸ਼ਨਵੀ (13) ਨੇ ਉਸ ਨੂੰ ਬਚਾਉਣ ਲਈ ਪਾਣੀ ’ਚ ਛਾਲ ਮਾਰ ਦਿੱਤੀ।



ਭੈਣਾਂ ਨੇ ਸੂਰਜ ਨੂੰ ਨਦੀ ਦੇ ਕਿਨਾਰੇ ਵੱਲ ਧੱਕ ਕੇ ਬਚਾਇਆ ਪਰ ਤੇਜ਼ ਵਹਾਅ ਵਿਚ ਉਹ ਆਪ ਹੀ ਵਹਿ ਗਈਆਂ। ਪੁਲਿਸ ਨੇ ਤੁਰੰਤ ਸਟੇਟ ਡਿਜ਼ਾਸਟਰ ਪੁਲਿਸ ਫੋਰਸ ਨੂੰ ਮੌਕੇ ’ਤੇ ਬੁਲਾਇਆ ਅਤੇ ਨਦੀ ’ਚ ਤਲਾਸ਼ੀ ਮੁਹਿੰਮ ਚਲਾਈ ਗਈ। ਦੋਵੇਂ ਭੈਣਾਂ ਅਜੇ ਤੱਕ ਲਾਪਤਾ ਹਨ।

## ਦਿਨ ਦਿਹਾੜੇ ਬੈਂਕ ਵਿਚ ਲੁਟੇਰਿਆਂ ਨੇ ਮਾਰਿਆ ਡਾਕਾ

**ਅਮ੍ਰਿਤਸਰ, ਲੋਕ ਬਾਣੀ**-- ਝਬਾਲ ਅੰਮ੍ਰਿਤਸਰ ਰੋਡ ’ਤੇ ਸਥਿਤ ਅਸ਼ੀਰਵਾਦ ਗੋਲਡ ਲੋਨ ਦੀ ਬ੍ਰਾਂਚ ਵਿਚੋਂ ਦਿਨ ਦਿਹਾੜੇ ਛੇ ਹਥਿਆਰਬੰਦ ਲੁਟੇਰੇ 20 ਹਜ਼ਾਰ ਰੁਪਏ ਲੁੱਟ ਕੇ ਫ਼ਰਾਰ ਹੋ ਗਏ। ਜਦੋਂ ਕਿ ਬੈਂਕ ਦਾ ਸਿਕਓਰਟੀ ਸਾਇਰਨ ਵੱਜਣ ਕਾਰਨ ਬ੍ਰਾਂਚ ਵਿਚ ਪਿਆ ਕਰੋੜਾਂ ਰੁਪਏ ਦਾ ਸੋਨਾ ਬਚ ਗਿਆ। ਬ੍ਰਾਂਚ ਦੇ ਮੈਨੇਜਰ ਵਿਦਿਆ ਅੰਸ਼ ਪਾਠਕ ਨੇ ਦੱਸਿਆਂ ਕਿ ਤਿੰਨ ਕੁ ਵਜੇ



ਛੇ ਨਕਾਬਪੋਸ਼ ਲੁਟੇਰੇ ਬ੍ਰਾਂਚ ਅੰਦਰ ਦਾਖਲ ਹੋਏ ਅਤੇ ਬ੍ਰਾਂਚ ਵਿਚ ਤਾਇਨਾਤ ਸਫ਼ਾਈ ਸੇਵਕਾਂ ਅੰਮ੍ਰਿਤਪਾਲ ਕੌਰ ਵੱਲ ਪਿਸਤੋਲ ਤਾਣ ਕੇ ਉਸ ਨੂੰ ਕੈਬਿਨ ਦਾ ਦਰਵਾਜ਼ਾ ਖੋਲ੍ਹਣ ਲਈ ਕਿਹਾ।

## ਰਾਧਾ ਸੁਆਮੀ ਡੇਰਾ ਬਿਆਸ ਵਿੱਚ 16 ਤੇ 17 ਸਤੰਬਰ ਵਾਲੇ ਨਾਮਦਾਨ ਦਾ ਪ੍ਰੋਗਰਾਮ ਕੀਤਾ ਗਿਆ ਮੁਲਤਵੀ

**ਜਲੰਧਰ, ਲੋਕ ਬਾਣੀ** -- ਕਰੋੜਾਂ ਲੋਕਾਂ ਦੀ ਆਸਥਾ ਤੇ ਵਿਸ਼ਵਾਸ ਦਾ ਘਰ ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ’ਚ ਇਨ੍ਹੀਂ ਦਿਨੀਂ ਭੰਡਾਰੇ ਦੇ ਨਾਲ-ਨਾਲ ਨਾਮਦਾਨ ਦਾ ਪ੍ਰੋਗਰਾਮ ਵੀ ਚੱਲ ਰਿਹਾ ਹੈ। ਜਾਣਕਾਰੀ ਮੁਤਾਬਕ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ 16 ਤੇ 17 ਸਤੰਬਰ ਨੂੰ ਬਿਆਸ ’ਚ ਪੰਜਾਬ ਦੇ ਕੁਝ ਸ਼ਹਿਰਾਂ ਦੀ ਸੰਗਤ ਲਈ ਨਾਮਦਾਨ ਦਾ



ਪ੍ਰੋਗਰਾਮ ਨਿਰਧਾਰਿਤ ਕੀਤਾ ਗਿਆ ਸੀ ਪਰ ਕਿਸੇ ਕਾਰਨ ਇਹ ਨਾਮਦਾਨ ਪ੍ਰੋਗਰਾਮ ਹੁਣ ਮੁਲਤਵੀ ਕਰ ਦਿੱਤਾ ਗਿਆ ਹੈ

## ਕੋਲਕਾਤਾ ਮਾਮਲੇ ਵਿਚ ਡਾਕਟਰਾਂ ਨਾਲ ਮਮਤਾ ਨੇ ਕੀਤੀ ਮੁਲਾਕਾਤ

**ਕੋਲਕਾਤਾ, ਲੋਕ ਬਾਣੀ**-ਪੱਛਮੀ ਬੰਗਾਲ ਦੇ ਆਰਜੀ ਕਰ ਹਸਪਤਾਲ ਵਿਚ ਰੈਜ਼ੀਡੈਂਟ ਡਾਕਟਰ ਨਾਲ ਜਬਰ ਜਨਾਹ ਤੋਂ ਬਾਅਦ ਕਤਲ ਕਰਨ ਦੇ ਮਾਮਲੇ ’ਚ ਪੱਛਮੀ ਬੰਗਾਲ ਵਿਚ ਡਾਕਟਰਾਂ ਦੀ ਹੜਤਾਲ ਜਾਰੀ ਹੈ। ਇਹ ਡਾਕਟਰ ਸਰਵਉਚ ਅਦਾਲਤ ਦੇ ਹੁਕਮ ਤੋਂ ਬਾਅਦ ਵੀ ਕੰਮ ’ਤੇ ਨਹੀਂ ਪਰਤੇ ਸਨ ਜਿਸ ਕਾਰਨ ਸੂਬਾ ਸਰਕਾਰ ਨੇ ਇਨ੍ਹਾਂ ਡਾਕਟਰਾਂ ਨੂੰ ਗੱਲਬਾਤ ਦਾ ਅੱਜ ਆਖਰੀ ਵਾਰ ਸੱਦਾ ਦਿੱਤਾ ਸੀ। ਇਹ ਡਾਕਟਰ ਅੱਜ ਸ਼ਾਮ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਿਹਾਇਸ਼ ’ਤੇ ਪੁੱਜੇ। ਸੂਤਰਾਂ



ਨੇ ਦੱਸਿਆ ਕਿ ਪੱਛਮੀ ਬੰਗਾਲ ਸਰਕਾਰ ਅਤੇ ਸੰਘਰਸ਼ਕਾਰੀ ਜੂਨੀਅਰ ਡਾਕਟਰਾਂ ਦਰਮਿਆਨ ਮੀਟਿੰਗ ਕਰੀਬ ਦੋ ਘੰਟੇ ਬਾਅਦ ਸਮਾਪਤ ਹੋ ਗਈ ਜਿਸ ਤੋਂ ਬਾਅਦ ਦੋਵੇਂ ਧਿਰਾਂ ਮੀਟਿੰਗ ਦੇ ਮਿੰਟਜ਼ ਨੂੰ ਅੰਤਿਮ ਰੂਪ ਦੇ ਰਹੇ ਹਨ। ਇਹ ਪਤਾ ਲੱਗਿਆ ਕਿ ਇਸ ਮੀਟਿੰਗ ਵਿਚ ਜੂਨੀਅਰ ਡਾਕਟਰਾਂ ਦੀਆਂ ਕਈ ਗੱਲਾਂ ਮੰਨੀਆਂ ਗਈਆਂ ਹਨ

## ਜੰਮੂ ਕਸ਼ਮੀਰ ਵਿਚ ਕਾਂਗਰਸ ਨੇ ਮੈਨੀਫੈਸਟੋ ਕੀਤਾ ਜਾਰੀ

**ਜੰਮੂ ਕਸ਼ਮੀਰ, ਲੋਕ ਬਾਣੀ**-ਕਾਂਗਰਸ ਨੇ ਜੰਮੂ-ਕਸ਼ਮੀਰ ਲਈ ਅੱਜ ਸ਼ਾਮ ਮੈਨੀਫੈਸਟੋ ਜਾਰੀ ਕਰ ਦਿੱਤਾ ਹੈ। ਇਸ ਵਿਚ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਵਾਪਸ ਦਿਵਾਉਣ ਦੀ ਗੱਲ ਕੀਤੀ ਗਈ ਹੈ ਪਰ ਇਸ ਵਿਚ ਆਰਟੀਕਲ 370 ਦਾ ਕੋਈ ਜ਼ਿਕਰ ਨਹੀਂ ਹੈ। ਪਾਰਟੀ ਨੇ ਜ਼ਮੀਨ ਵਿਹੂਣੇ ਕਿਸਾਨਾਂ ਨੂੰ ਹਰ ਸਾਲ 4 ਹਜ਼ਾਰ ਰੁਪਏ ਦੀ ਵਾਧੂ ਆਰਥਿਕ ਸਹਾਇਤਾ ਅਤੇ ਹਰ ਨੌਜਵਾਨ ਨੂੰ ਇੱਕ ਸਾਲ ਤਕ ਹਰ ਮਹੀਨੇ 3500 ਰੁਪਏ ਦੇਣ ਦਾ



ਵਾਅਦਾ ਕੀਤਾ ਹੈ। ਕਾਂਗਰਸ ਨੇ ਕਿਹਾ ਹੈ ਕਿ ਗਰੀਬ ਪਰਿਵਾਰਾਂ ਨੂੰ ਮਿਲਣ ਵਾਲੇ 5 ਕਿੱਲੋ ਰਾਸ਼ਨ ਨੂੰ ਵਧਾ ਕੇ 11 ਕਿੱਲੋ ਕੀਤਾ ਜਾਵੇਗਾ।

## ਹਿੰਦੂ ਸੰਗਠਨਾਂ ਨੇ ਕਰਵਾਇਆ ਪੂਰਾ ਨਾਭਾ ਸ਼ਹਿਰ ਬੰਦ

**ਨਾਭਾ, ਲੋਕ ਬਾਣੀ** --ਪੰਜਾਬ ਚ ਹਿੰਦੂ ਸੰਗਠਨਾਂ ਨੇ ਕਰਵਾਇਆ ਸ਼ਹਿਰ ਪੂਰੀ ਤਰ੍ਹਾਂ ਬੰਦ ਮਾਮਲਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਦਾ ਹੈ ਹਿੰਦੂ ਜਥੇਬੰਦੀਆਂ ਨਾਭਾ ਸ਼ਹਿਰ ਨੂੰ ਪੂਰਨ ਤੌਰ ਤੇ ਬੰਦ ਕਰਵਾ ਕੇ ਸੜਕਾਂ ਤੇ ਉਤਰ ਆਈਆਂ ਅਤੇ ਰੋਸ ਪ੍ਰਦਰਸ਼ਨ ਕੀਤਾ। ਦਰਅਸਲ ਬੀਤੇ ਦਿਨੀਂ ਬਾਵਨ ਦੁਆਦਸੀ ਤੋਂ ਪਹਿਲਾਂ ਨਗਰ ਕੌਂਸਲ ਨਾਭਾ ਵੱਲੋਂ ਧਾਰਮਿਕ ਜਥੇਬੰਦੀਆਂ ਦੇ ਬੋਰਡ ਉਤਾਰ ਕੇ ਕੂੜੇ ਵਾਲੀ ਟਰਾਲੀ ਵਿਚ ਰੱਖ ਦਿੱਤੇ ਗਏ ਸੀ ਅਤੇ ਇਸ ਦੇ ਸਿੱਧੇ ਦੋਸ਼ ਨਗਰ ਕੌਂਸਲ ਨਾਭਾ ਦੀ ਪ੍ਰਧਾਨ ਦੇ ਪਤੀ ਉੱਪਰ ਲੱਗੇ ਸੀ। ਦੋਸ਼ ਹੈ ਕਿ ਉਨ੍ਹਾਂ ਦੀ ਤਸਵੀਰ ਇਨ੍ਹਾਂ ਬੋਰਡਾਂ ਵਿਚ



ਨਾ ਲਗਾਉਣ ਕਰਕੇ ਉਨ੍ਹਾਂ ਵੱਲੋਂ ਸਮਾਗਮ ਤੋਂ ਪਹਿਲਾਂ ਇਹ ਬੋਰਡ ਉਤਾਰੇ ਗਏ। ਤਿਉਹਾਰ ਤੋਂ ਬਾਅਦ ਅੱਜ ਸੋਮਵਾਰ ਸਵੇਰ ਵਪਾਰ ਮੰਡਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਹਿੰਦੂ ਸਮਾਜ ਦੇ ਲੋਕਾਂ ਵੱਲੋਂ ਸਥਾਨਕ ਦੇਵੀ ਦਿਆਲਾ ਚੌਂਕ ਮੰਦਰ ਵਿਖੇ ਇਕੱਠੇ ਹੋ ਕੇ ਆਪ ਆਗੂ ਪੰਕਜ ਪੱਪੂ ਖ਼ਿਲਾਫ ਰੋਸ ਪ੍ਰਗਟਾਵਾ ਕੀਤਾ ਗਿਆ।

## ਪੰਜਾਬ ਵਿੱਚ ਆਪ ਦੀ ਸਰਕਾਰ ਵਿਚ ਆਮ ਲੋਕਾਂ ਨੂੰ ਇਨਸਾਫ਼ ਨਾ ਮਿਲਣ ਤੇ ਲੱਗਾ ਜ਼ਾਮ

**ਮਾਨਸਾ, ਲੋਕ ਬਾਣੀ** --ਪੰਜਾਬ ਚ ਲੋਕਾਂ ਵਲੋਂ ਚੰਡੀਗੜ੍ਹ-ਸਿਰਸਾ ਨੈਸ਼ਨਲ ਹਾਈਵੇਅ ਪੂਰੀ ਤਰ੍ਹਾਂ ਜਾਮ ਕਰ ਦਿੱਤਾ ਗਿਆ ਹੈ, ਜਿਸ ਦੇ ਚੱਲਦੇ ਇਸ ਹਾਈਵੇਅ ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਦਰਅਸਲ ਮਾਨਸਾ ਜ਼ਿਲ੍ਹੇ ਦੇ ਅਤਲਾ ਖੁਰਦ ਵਿਚ ਇਕ 45 ਸਾਲਾ ਵਿਅਕਤੀ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ ਸੀ। ਇਨਸਾਫ ਨਾ ਮਿਲਦਾ ਦੇਖ ਕੇ




ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਲਾਸ਼ ਹਾਈਵੇਅ ਤੇ ਰੱਖ ਕੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

## ਪੰਜਾਬ ਵਿੱਚ ਅਮਨ ਕਾਨੂੰਨ ਦਾ ਬੁਰਾ ਹਾਲ ਤਿੰਨ ਬੱਚੇ ਲਾਪਤਾ

**ਮੁਲਾਂ ਪੁਰ, ਲੋਕ ਬਾਣੀ** -- ਪੰਜਾਬ ਵਿੱਚ ਆਪ ਦੀ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਹੈ ਹੁਣ ਪ੍ਰਵਾਸੀ ਮਜ਼ਦੂਰਾਂ ਦੇ ਸਥਾਨਕ ਪੁਰਾਣੀ ਮੰਡੀ ਵਿਚ ਗਲੀ ਚ ਖੇਡਦੇ-ਖੇਡਦੇ ਤਿੰਨ ਬੱਚੇ ਬੀਤੀ ਸ਼ਾਮ 6-7 ਵਜੇ ਅਚਾਨਕ ਗਾਇਬ ਹੋ ਗਏ, ਬੱਚਿਆਂ ਦੇ ਮਾਪਿਆਂ ਨੇ ਉਨ੍ਹਾਂ ਦੀ ਕਾਫੀ ਭਾਲ ਕੀਤੀ ਪਰ ਨਹੀਂ ਮਿਲੇ। ਹੁਣ ਥਾਣਾ ਦਾਖਾ ਪੁਲਸ ਕੋਲ ਲਿਖਤੀ ਦਰਖਾਸਤ ਦਿੱਤੀ



ਗਈ ਹੈ। ਉਧਰ ਪੀੜਤ ਮਨੋਜ ਸ਼ਾਹ ਵਾਸੀ ਵਾਸੀ ਨੇੜੇ ਬਾਬਾ ਬਾਲਕ ਨਾਥ ਮੰਦਿਰ ਮੰਡੀ ਮੁੱਲਾਂਪੁਰ ਦੇ ਦੋ ਬੇਟੇ ਮੁਕੇਸ਼ ਛੇਵੀਂ ਕਲਾਸ ਵਿਚ ਪੜ੍ਹਦਾ ਹੈ ਅਤੇ ਰੋਹਿਤ ਸੱਤਵੀਂ ਕਲਾਸ ਵਿਚ ਹੈ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਲੁਧਿਆਣਾ ਦੇ ਰੱਖ ਬਾਗ ਚ ਟੁੱਟਿਆ ਝੂਲਾ, ਵਾਲ-ਵਾਲ ਬਚੀ ਲੋਕਾਂ ਤੇ ਬੱਚਿਆਂ ਦੀ ਜਾਨ, ਪ੍ਰਸ਼ਾਸਨ ਖਿਲਾਫ ਲੋਕਾਂ ਚ ਗੁੱਸਾ



ਲੁਧਿਆਣਾ-(ਲੋਕ ਬਾਣੀ) ਲੁਧਿਆਣਾ ਦੇ ਰੱਖ ਬਾਗ ਵਿੱਚ ਲਗਾਏ ਗਏ ਝੂਲਿਆਂ ਵਿੱਚੋਂ ਇੱਕ ਝੂਲਾ ਟੁੱਟ ਕੇ ਡਿੱਗ ਗਿਆ। ਜਿਸ ਕਾਰਨ ਲੋਕਾਂ ਅਤੇ ਬੱਚਿਆਂ ਦੀ ਵਾਲ-ਵਾਲ ਜਾਨ ਤਾਂ ਬਚ ਗਈ ਪਰ ਝੂਲਾ ਟੁੱਟਣ ਤੋਂ ਬਾਅਦ ਲੋਕਾਂ ਵਿਚ ਭੜਕ ਉੱਠੀ ਅਤੇ ਪ੍ਰਬੰਧਕਾਂ ਖਿਲਾਫ ਆਪਣਾ ਗੁੱਸਾ ਜ਼ਾਹਰ ਕੀਤਾ।ਤੁਹਾਨੂੰ ਦੱਸ ਦੇਈਏ ਕਿ ਰੱਖ ਬਾਗ ਵਿੱਚ ਕਈ ਝੂਲੇ ਲਗਾਏ ਗਏ ਹਨ। ਐਤਵਾਰ ਦੇਰ ਸ਼ਾਮ ਇੱਕ ਝੂਲਾ ਟੁੱਟ ਗਿਆ। ਇਸ ਝੂਲੇ ਵਿੱਚ ਬਹੁਤ ਸਾਰੇ ਬੱਚੇ ਅਤੇ ਲੋਕ ਸਨ। ਝੂਲੇ ਦੇ ਅਚਾਨਕ ਟੁੱਟਣ ਤੇ ਹਫੜਾ-ਦਫੜੀ ਮਚ ਗਈ। ਐਤਵਾਰ ਦੀ ਛੁੱਟੀ ਹੋਣ ਕਾਰਨ ਸ਼ਹਿਰ ਦੇ ਸੈਂਕੜੇ ਲੋਕ ਆਪਣੇ ਬੱਚਿਆਂ ਨਾਲ ਰੱਖ ਬਾਗ ਵਿਖੇ ਆਏ। ਇੱਥੇ ਕਾਫੀ ਸਮੇਂ ਤੋਂ ਬੱਚਿਆਂ ਲਈ ਝੂਲੇ ਵੀ ਲਗਾਏ ਗਏ ਹਨ।

ਝੂਲੇ ਟੁੱਟਣ ਤੋਂ ਬਾਅਦ ਗੁੱਸੇ ਚ ਆਏ ਲੋਕਾਂ ਨੇ ਪ੍ਰਬੰਧਕਾਂ ਖਿਲਾਫ ਆਪਣਾ ਗੁੱਸਾ ਜ਼ਾਹਰ ਕੀਤਾ। ਨੇ ਕਿਹਾ ਕਿ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਝੂਲਾ ਟੁੱਟ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਵੱਲੋਂ ਨਾ ਤਾਂ ਝੂਲਿਆਂ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ ਅਤੇ ਨਾ ਹੀ ਸਮੇਂ ਸਿਰ ਸਰਵਿਸ ਕਰਵਾਈ ਜਾਂਦੀ ਹੈ, ਜਿਸ ਕਾਰਨ ਇਹ ਝੂਲੇ ਟੁੱਟ ਗਏ ਹਨ। ਖੁਸ਼ਕਿਸਮਤੀ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰੱਖ ਬਾਗ ਕਾਂਡ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ ਜਿਸ ਵਿੱਚ ਪ੍ਰਬੰਧਕ ਝੂਲੇ ਟੁੱਟਣ ਤੋਂ ਬਾਅਦ ਗੁੱਸੇ ਵਿੱਚ ਆਏ ਲੋਕਾਂ ਤੋਂ ਮੁਆਫੀ ਮੰਗ ਕੇ ਉਨ੍ਹਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਨੇ ਕਿਹਾ ਕਿ ਉਹ ਇਸ ਦੀ ਸ਼ਿਕਾਇਤ ਡੀਸੀ ਨੂੰ ਕਰਨਗੇ ਅਤੇ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨਗੇ।

# ਬਿੱਟੂ ਦੇ ਅੱਤਵਾਦੀ ਬਿਆਨ ਤੇ ਪੰਜਾਬ ਚ ਕਾਂਗਰਸ ਗਰਮਾਈ, ਰਾਜਾ ਵੜਿੰਗ ਨੇ ਕਿਹਾ-ਅਹਿਸਾਨ ਫਰਾਮੋਸ਼ ਆਦਮੀ ਹੈ ਰਵਨੀਤ



ਚੰਡੀਗੜ੍ਹ- (ਲੋਕ ਬਾਣੀ) ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਰਾਹੁਲ ਗਾਂਧੀ ਤੇ ਦਿੱਤੇ ਬਿਆਨ ਨੂੰ ਲੈ ਕੇ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਇਸ ਤੇ ਸੀਨੀਅਰ ਕਾਂਗਰਸੀ ਆਗੂਆਂ ਨੇ ਜਵਾਬੀ ਕਾਰਵਾਈ ਕੀਤੀ ਹੈ। ਉਨ੍ਹਾਂ ਬਿੱਟੂ ਨੂੰ ਨਾਸ਼ੁਕਰੇ ਦੱਸਿਆ ਹੈ। ਨਾਲ ਹੀ ਕੇਂਦਰ ਸਰਕਾਰ ਨੂੰ ਉਸ ਦੇ ਦਿਮਾਗ ਦਾ ਇਲਾਜ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ।ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ ਨਾਲ ਬਿੱਟੂ ਦਾ ਕੱਦ ਵਧਦਾ ਹੈ ਤਾਂ ਉਨ੍ਹਾਂ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ। ਇਸ ਦੇ ਨਾਲ ਹੀ ਬਿੱਟੂ ਦਾ ਕਹਿਣਾ ਹੈ ਕਿ ਉਹ ਆਪਣੇ ਬਿਆਨ ਤੇ ਕਾਇਮ ਹਨ। ਇਹ ਗੱਲ ਉਹ ਉਨ੍ਹਾਂ ਨੂੰ ਸੰਸਦ ਦੇ ਅੰਦਰ ਵੀ ਕਹਿ ਸਕਦੇ ਹਨ। ਰਾਹੁਲ ਗਾਂਧੀ ਵਿਦੇਸ਼ਾਂ ਚ ਬੈਠੇ ਅੱਤਵਾਦੀਆਂ ਦੀ ਭਾਸ਼ਾ ਬੋਲ ਰਹੇ ਹਨ।

ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬਿੱਟੂ ਨੇ ਰਾਹੁਲ ਗਾਂਧੀ ਨੂੰ ਅੱਤਵਾਦੀ ਕਿਹਾ ਹੈ, ਉਸ ਨੂੰ ਸ਼ਰਮ ਆਉਣੀ ਚਾਹੀਦੀ ਹੈ। ਰਾਹੁਲ ਗਾਂਧੀ ਖੁਦ ਉਨ੍ਹਾਂ ਨੂੰ ਤਿੰਨ ਵਾਰ ਸੰਸਦ ਮੈਂਬਰ ਬਣਾ ਚੁੱਕੇ ਹਨ। ਬਿੱਟੂ ਬੱਚਾ ਸੀ, ਉਸ ਨੂੰ ਕੁਝ ਪਤਾ ਨਹੀਂ ਸੀ। ਬਿੱਟੂ ਦੀਆਂ ਗੱਲਾਂ ਰਾਹੁਲ ਗਾਂਧੀ ਨੂੰ ਅੱਤਵਾਦੀ ਨਹੀਂ ਬਣਾ ਦੇਣਗੀਆਂ। ਬਿੱਟੂ ਦੇ ਬਿਆਨ ਤੋਂ ਲੋਕਾਂ ਨੂੰ ਉਸ ਦੀ ਮਾਨਸਿਕਤਾ ਅਤੇ ਅਕਲ ਦਾ ਪਤਾ ਲੱਗ ਗਿਆ ਹੈ। ਉਹ ਕਿੰਨਾ ਅਹਿਸਾਨ ਫਰਾਮੋਸ਼ ਆਦਮੀ ਹੈ।ਨੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਬਿਆਨ ਦਿੱਤਾ ਹੈ। ਰਾਹੁਲ ਗਾਂਧੀ ਦੇ ਪਿਤਾ ਨੇ ਦੇਸ਼ ਲਈ ਸ਼ਹਾਦਤ ਦਿੱਤੀ ਹੈ। ਅਤੇ ਇਹ ਵਿਅਕਤੀ ਹੈ, ਜਿਸ ਨੇ ਆਪਣੇ ਪਿਤਾ ਦੇ ਕਾਤਲਾਂ ਨੂੰ ਮਾਫ਼ ਕਰ ਦਿੱਤਾ ਹੈ। ਜੇਕਰ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿ ਕੇ ਭਾਜਪਾ ਚ ਤੁਹਾਡਾ ਕੱਦ ਵਧ ਰਿਹਾ ਹੈ ਤਾਂ ਬੋਲੋ। ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ। ਇਸ ਨੂੰ ਮੂਰਖਤਾ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਜਪਾ ਨੂੰ ਕਿਹਾ ਕਿ ਤੁਸੀਂ ਹਾਰੇ ਹੋਏ ਆਗੂ ਨੂੰ ਮੰਤਰੀ ਬਣਾ ਦਿੱਤਾ ਹੈ। ਇਸ ਮੂਰਖ ਨੂੰ ਅਕਲ ਬਖਸ਼ੇ।

# ਪੰਜਾਬ ਸਰਕਾਰ ਨੂੰ ਕਰਾਰਾ ਝਟਕਾ ਗੁਰਜੀਤ ਰਾਮਨਿਵਾਸੀਆ ਬਣੇ ਰਹਿਣਗੇ ਨਗਰ ਕੌਂਸਲ ਬਰਨਾਲਾ ਦੇ ਪ੍ਰਧਾਨ



ਬਰਨਾਲਾ/ਮਾਲੇਰਕੋਟਲਾ (ਲੋਕ ਬਾਣੀ) ਸੱਤਾ ਧਿਰ ਦੇ ਕਥਿਤ ਦਬਾਅ ਕਾਰਨ ਅਹੁਦੇ ਤੋਂ ਲਾਹੇ ਬਰਨਾਲਾ ਤੋਂ ਨਗਰ ਕੌਂਸਲ ਦੇ ਪ੍ਰਧਾਨ ਗੁਰਜੀਤ ਸਿੰਘ ਰਾਮਣਵਾਸੀਆਂ ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਆਪ ਸਰਕਾਰ ਨੂੰ ਝਟਕਾ ਦਿੰਦਿਆਂ ਪ੍ਰਧਾਨਗੀ ਦੇ ਅਹੁਦੇ ਤੇ ਬਹਾਲ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਮਿਤੀ 10 ਅਕਤੂਬਰ 2023 ਨੂੰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੇ ਸਕੱਤਰ ਵਲੋਂ ਸਪੀਕਿੰਗ ਆਰਡਰ ਜਾਰੀ ਕਰਦਿਆਂ ਨਗਰ ਕੌਂਸਲ ਬਰਨਾਲਾ ਦੇ ਕਾਂਗਰਸ ਪਾਰਟੀ ਨਾਲ ਸੰਬੰਧਿਤ ਪ੍ਰਧਾਨ ਗੁਰਜੀਤ ਸਿੰਘ ਰਮਣਵਾਸੀਆ ਨੂੰ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ। ਇਨ੍ਹਾਂ ਆਰਡਰਾਂ ਨੂੰ ਪ੍ਰਧਾਨ ਗੁਰਜੀਤ ਸਿੰਘ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ।ਲਗਭਗ 11 ਮਹੀਨੇ ਚੱਲੀ ਰਿਟ ਪਟੀਸ਼ਨ ਉੱਪਰ ਸੁਣਵਾਈ ਤੋਂ ਬਾਅਦ ਮਾਨਯੋਗ ਹਾਈਕੋਰਟ ਨੇ ਪ੍ਰਧਾਨ ਗੁਰਜੀਤ ਸਿੰਘ ਔਲਖ ਨੂੰ ਬਹਾਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਹੈ। ਹਾਈਕੋਰਟ ਦੇ ਡਬਲ ਬੈਂਚ ਦੇ ਮਾਨਯੋਗ ਜਸਟਿਸ ਸੁਰੇਸ਼ਵਰ ਠਾਕੁਰ ਅਤੇ ਮਾਨਯੋਗ ਜਸਟਿਸ ਸੁਦੀਪਤੀ ਸ਼ਰਮਾ ਨੇ ਦੋਵਾਂ ਧਿਰਾਂ ਦੀ ਬਹਿਸ ਸੁਣਨ ਉਪਰੰਤ ਆਪਣਾ ਫੈਸਲਾ ਰਿਜਰਵ ਰੱਖ ਲਿਆ ਸੀ। ਇਹ ਰਿਜਰਵ ਰੱਖਿਆ ਫੈਸਲਾ ਸੁਣਾਉਣ ਲਈ ਸੂਚੀ ਵਿੱਚ ਦਰਜ਼ ਕਰ ਦਿੱਤਾ ਗਿਆ ਹੈ। ਅੱਜ 16 ਸਤੰਬਰ ਨੂੰ ਹਾਈਕੋਰਟ ਦੇ ਮਾਨਯੋਗ ਜਸਟਿਸ ਸੁਰੇਸ਼ਵਰ ਠਾਕੁਰ ਅਤੇ ਮਾਨਯੋਗ ਜਸਟਿਸ ਸੁਦੀਪਤੀ ਸ਼ਰਮਾ ਦਾ ਬੈਂਚ ਨੇ ਆਪਣਾ ਫੈਸਲਾ ਸੁਣਾਉਂਦਿਆਂ ਨਗਰ ਕੌਂਸਲ ਦੀ ਕਮਾਂਡ ਪ੍ਰਧਾਨ ਗੁਰਜੀਤ ਸਿੰਘ ਰਾਮਣਵਾਸੀਆ ਹੱਥ ਸੌਂਪ ਦਿੱਤੀ ਹੈ। ਹਾਈਕੋਰਟ ਦੇ ਫੈਸਲੇ ਨਾਲ ਕਾਂਗਰਸੀਆਂ ਤੋਂ ਇਲਾਵਾਂ ਉਨ੍ਹਾਂ ਦੇ ਹੱਕ ਵਿੱਚ ਡਟ ਕੇ ਖੜ੍ਹੇ ਕੌਂਸਲਰਾਂ ਅਤੇ ਸਮਰਥੱਕਾਂ ਵਿੱਖ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਹਾਈਕੋਰਟ ਦੇ ਇਸ ਫੈਸਲੇ ਬਾਅਦ ਪ੍ਰਧਾਨ ਗੁਰਜੀਤ ਸਿੰਘ ਰਾਮਣਵਾਸੀਆ ਨੇ ਕਿਹਾ ਹਾਈਕੋਰਟ ਨੇ ਉਨ੍ਹਾਂ ਨੂੰ ਇਨਸਾਫ ਦੇ ਕੇ ਲੋਕਾਂ ਦਾ ਭਰੋਸਾ ਲੋਕਤੰਤਰ ਵਿੱਚ ਹੋਰ ਮਜ਼ਬੂਤ ਕੀਤਾ ਹੈ। ਦੂਜੇ ਪਾਸੇ ਇਸ ਫੈਸਲੇ ਨੇ ਸੱਤਾਧਾਰੀਆਂ ਵੱਲੋਂ ਜਲਦਬਾਜੀ ਵਿੱਚ ਚੁਣੇ ਪ੍ਰਧਾਨ ਰੁਪਿੰਦਰ ਸਿੰਘ ਸ਼ੀਤਲ, ਉਰਫ ਬੰਟੀ ਦੇ ਪ੍ਰਧਾਨ ਬਣਨ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਹੈ। ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾ, ਕਾਂਗਰਸ ਦੇ ਸਹਿਰੀ ਪ੍ਰਧਾਨ ਮਹੇਸ਼ ਕੁਮਾਰ ਲੋਟਾ ਆਦੀ ਨੇ ਮਾਨਯੋਗ ਹਾਈਕੋਰਟ ਦੇ ਫੈਸਲਾ ਫੈਸਲੇ ਦਾ ਸਵਾਗਤ ਕਰਦਿਆਂ ਗੁਰਜੀਤ ਸਿੰਘ ਰਾਮਣਵਾਸੀਆਂ ਨੂੰ ਦੁਬਾਰਾ ਆਹਦੇ ਤੇ ਬਹਾਲ ਕਰਨ ਤੇ ਵਧਾਈਆਂ ਦਿੱਤੀਆਂ ਤੇ ਸ਼ਹਿਰ ਅੰਦਰ ਵੀ ਖੁਸ਼ੀ ਦਾ ਪੂਰਾ ਮਾਹੌਲ ਹੈ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਸੁਣਾਏ ਗਏ ਸਹੀ ਫੈਸਲੇ ਕਾਰਨ ਆਮ ਆਦਮੀ ਪਾਰਟੀ ਨੂੰ ਕਰਾਰਾ ਝਟਕਾ ਲੱਗਿਆ ਹੈ।

# ਪੰਜਾਬ ਵਿੱਚ ਅਗਲੇ ਮਹੀਨੇ ਹੋ ਸਕਦੀਆਂ ਨੇ ਪੰਚਾਇਤੀ ਚੋਣਾਂ ,ਪਿੰਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਵਿੱਢੀ ਪ੍ਰਕਿਰਿਆ




ਚੰਡੀਗੜ੍ਹ(ਲੋਕ ਬਾਣੀ)

ਪੰਜਾਬ ਸਰਕਾਰ ਹੁਣ ਅਕਤੂਬਰ ਮਹੀਨੇ ਪੰਚਾਇਤੀ ਚੋਣਾਂ ਕਰਾਉਣ ਦੇ ਰੌਅ ਵਿੱਚ ਜਾਪਦੀ ਹੈ। ਪਤਾ ਲੱਗਾ ਹੈ ਕਿ ਸੂਬਾ ਸਰਕਾਰ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦੋ ਪੜਾਵਾਂ ਵਿਚ ਕਰਾਏਗੀ। ਪਹਿਲੇ ਪੜਾਅ 'ਚ ਸਿਰਫ਼ ਪਿੰਡਾਂ ਦੇ ਸਰਪੰਚਾਂ ਤੇ ਪੰਚਾਂ ਦੀ ਚੋਣ ਹੋਣੀ ਹੈ ਅਤੇ ਅਕਤੂਬਰ ਮਹੀਨੇ ਦੇ ਅੱਧ ਤੋਂ ਬਾਅਦ ਇਹ ਚੋਣ ਕਿਸੇ ਵੇਲੇ ਵੀ ਸੰਭਵ ਹੈ। ਰਾਜ ਚੋਣ ਕਮਿਸ਼ਨ ਨੇ ਚੋਣ ਨਿਸ਼ਾਨਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿੱਚ ਪੰਚਾਇਤੀ ਰਾਜ ਐਕਟ 1994 ਵਿਚ ਕੀਤੀਆਂ ਸੋਧਾਂ 'ਤੇ ਹਾਲੇ ਰਾਜਪਾਲ ਦੀ ਮੋਹਰ ਲੱਗਣੀ ਬਾਕੀ ਹੈ।ਉਮੀਦਵਾਰ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕਣਗੇ। ਇਸ ਬਾਰੇ ਵੀ ਸੋਧ ਕੀਤੀ ਗਈ ਹੈ।ਪਤਾ ਲੱਗਾ ਹੈ ਕਿ ਪੰਚਾਇਤੀ ਚੋਣਾਂ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਕਰਾਈਆਂ ਜਾਣਗੀਆਂ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਸ ਸਬੰਧੀ ਪ੍ਰਕਿਰਿਆ ਵਿੱਢੀ ਹੋਈ ਹੈ। ਪੰਜਾਬ ਸਰਕਾਰ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵੱਖਰੇ ਤੌਰ 'ਤੇ ਕਰਾਏਗੀ।

# ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਸੰਦੌੜ ਦੀਆਂ ਵਿਦਿਆਰਥਣਾਂ ਨੇ ਲਗਾਇਆ ਟੂਰ



ਮਾਲੇਰਕੋਟਲਾ,(ਲੋਕ ਬਾਣੀ) ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਸੰਦੌੜ ਦੇ ਜਰਨਿਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ ਵੱਲੋਂ ਇੱਕ ਰੋਜ਼ਾ ਐਜੂਕੇਸ਼ਨਲ ਟੂਰ ਕਾਲਜ ਜਨਰਲ ਸਕੱਤਰ ਸ ਸਤਵੰਤ ਸਿੰਘ ਅਤੇ ਪ੍ਰਿੰਸੀਪਲ ਡਾ ਕਪਿਲ ਦੇਵ ਗੋਇਲ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਟੂਰ ਦੇ ਤਹਿਤ ਕਾਲਜ ਵਿਦਿਆਰਥਣਾਂ ਨੂੰ ਮੁੱਖ ਰੂਪ ਵਿੱਚ ਇਸ ਸਮੇਂ ਸਿਨੇਮਾ ਘਰਾਂ ਵਿੱਚ ਲੱਗੀ ਮਕਬੂਲ ਫ਼ਿਲਮ ਬੀਬੀ ਰਜਨੀ ਦਿਖਾਉਣ ਦਾ ਰਿਹਾ ਪਰ ਇਸਦੇ ਨਾਲ ਹੀ ਵਿਦਿਆਰਥਣਾਂ ਨੂੰ ਗੁਰੂਦੁਆਰਾ ਮਹਿਦੀਆਣਾ ਸਾਹਿਬ, ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਬੱਸੀਆਂ, ਗੁਰੂਦੁਆਰਾ ਟਾਹਲੀਆਣਾ ਸਾਹਿਬ ਵਿਖੇ ਵੀ ਲਿਜਾਇਆ ਗਿਆ ।ਇਸ ਟੂਰ ਦੇ ਇੰਚਾਰਜ ਪ੍ਰੋ ਗੁਰਪ੍ਰੀਤ ਧਾਲੀਵਾਲ ਨੇ ਦੱਸਿਆ ਕਿ ਕਾਲਜ ਵਿੱਚ ਪੜ੍ਹ ਰਹੀਆਂ ਨਾਲ ਜਦੋਂ ਗੱਲ ਕੀਤੀ ਤਾਂ ਬਹੁਤੀਆਂ ਲੜਕੀਆਂ ਅਜਿਹੀਆਂ ਸਨ ਜਿੰਨ੍ਹਾਂ ਨੇ ਕਦੇ ਵੀ ਸਿਨੇਮਾ ਹਾਲ ਵਿੱਚ ਫ਼ਿਲਮ ਨਹੀਂ ਦੇਖੀ।

ਇਸਤੋਂ ਇਲਾਵਾ ਕਾਲਜ ਤੋਂ ਬਾਹਰ ਇਸ ਤਰ੍ਹਾਂ ਦੇ ਟੂਰ ਵਿਦਿਆਰਥੀਆਂ ਨੂੰ ਜ਼ਿੰਦਗੀ ਨਾਲ ਜੁੜੀਆਂ ਅਹਿਮ ਗੱਲਾਂ ਦਾ ਤਜ਼ੁਰਬਾ ਕਰਵਾਉਂਦੇ ਹਨ । ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਇੱਕ ਟੂਰ ਦਿਲੀ ਦਾ ਵੀ ਵਿਚਾਰ ਅਧੀਨ ਹੈ ਜਿਸਦੇ ਤਹਿਤ ਇਤਿਹਾਸਿਕ ਥਾਵਾਂ ਦੇ ਨਾਲ ਨਾਲ ਨਾਮੀ ਨਿਊਜ਼ ਚੈਨਲ ਵਿਦਿਆਰਥਣਾਂ ਨੂੰ ਦਿਖਾਕੇ ਲਿਆਉਣ ਦੀ ਵਿਉਂਤ ਹੈ । ਫ਼ਿਲਮ ਦੇ ਤਜੁਰਬੇ ਨਾਲ ਸਿੱਖ ਇਤਿਹਾਸ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਗਿਆ ਜਿਸਦੇ ਲਈ ਫ਼ਿਲਮ ਤੋਂ ਇਲਾਵਾ ਪੰਜਾਬ ਦੇ ਆਖ਼ਰੀ ਰਾਜਾ ਮਹਾਰਾਜਾ ਦਲੀਪ ਸਿੰਘ ਅਤੇ ਗੁਰੂਦੁਆਰਾ ਮਹਿਦੀਆਣਾ ਸਾਹਿਬ ਲਿਜਾਇਆ ਗਿਆ । ਕਾਲਜ ਦੇ ਪ੍ਰੋ ਅਮਨਪ੍ਰੀਤ ਸਿਘ, ਪ੍ਰੋ ਮਨਪ੍ਰੀਤ ਕੌਰ, ਪ੍ਰੋ ਸਾਹਿਦਾ ਪ੍ਰਵੀਨ ਅਤੇ ਪ੍ਰੋ ਕਮਲਜੀਤ ਕੌਰ ਦੇ ਅਹਿਮ ਯੋਗਦਾਨ ਨਾਲ ਇਹ ਇੱਕ ਰੋਜ਼ਾ ਟੂਰ ਸਫ਼ਲ ਰਿਹਾ।

# ਸ਼੍ਰੀ ਗਣਪਤੀ ਜੀ ਦੀ ਵਿਸ਼ਾਲ ਮੂਰਤੀ ਹੋਵੇਗੀ ਅੱਜ ਵਿਸਰਜਨ,



ਸ਼੍ਰੀ ਮਾਛੀਵਾੜਾ ਸਾਹਿਬ- (ਲੋਕ ਬਾਣੀ)--ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼੍ਰੀ ਗਣਪਤੀ ਸੇਵਾ ਸੰਮਤੀ ਮਾਛੀਵਾੜਾ ਵੱਲੋਂ ਸ਼੍ਰੀ ਦੁਰਗਾ ਸਕਤੀ ਮੰਦਰ ਹਾਲ ਵਿਖੇ 10 ਦਿਨੀ ਸਲਾਨਾ ਧਾਰਮਿਕ ਸਮਾਗਮ ਦੌਰਾਨ ਰਾਤ ਜੰਗਮਾਂ ਨੇ ਆਪਣੀ ਕਲਾ ਦਾ ਪ੍ਰਦਰਸਨ ਕਰਦਿਆ ਸ਼ਿਵ ਵਿਆਹ ਦੀ ਕਥਾ ਦਾ ਪ੍ਰਚਾਰ ਕੀਤਾ। ਸੇਵਾ ਸੰਮਤੀ ਦੇ ਪ੍ਰਧਾਨ ਸੰਨੀ ਗਰੋਵਰ ਤੇ ਚੇਅਰਮੈਨ ਵਿਕਾਸ ਮਿੱਤਲ ਨੇ ਦੱਸਿਆ ਕਿ ਸਵੇਰੇ 17 ਸਤੰਬਰ ਨੂੰ ਭਗਵਾਨ ਸ਼੍ਰੀ ਗਣੇਸ਼ ਜੀ ਦੀ ਵਿਸ਼ਾਲ ਮੂਰਤੀ ਵਿਸਰਜਨ ਕਰਨ ਲਈ ਸਰਹਿੰਦ ਨਹਿਰ ਦੇ ਕਿਨਾਰੇ ਪਿੰਡ ਗੜ੍ਹੀ ਦੇ ਪੁਲ ਤੇ ਵਿਸਰਜਨ ਕੀਤੀ ਜਾਵੇਗੀ। ਪ੍ਰਧਾਨ ਸੰਨੀ ਗਰੋਵਰ ਤੇ ਚੇਅਰਮੈਨ ਵਿਕਾਸ ਮਿੱਤਲ ਨੇ ਦੱਸਿਆ ਕਿ ਭਗਵਾਨ ਗਣਪਤੀ ਜੀ ਦੀ ਵਿਸਰਜਨ ਯਾਤਰਾ ਵੀ ਦੇਖਣਯੋਗ ਹੋਵੇਗੀ, ਜਿਸ ਵਿੱਚ ਹਾਥੀ ਘੋੜਾ ਤੇ ਵੱਖ ਵੱਖ ਕਲਾਕਾਰਾਂ ਵੱਲੋ ਭਗਵਾਨ ਜੀ ਦੀਆਂ ਝਾਕੀਆ ਪੇਸ ਕੀਤੀਆਂ ਜਾਣਗੀਆ। 17 ਸਤੰਬਰ ਨੂੰ ਕਰੀਬ ਦੋ ਵਜੇ ਵਿਸ਼ਾਲ ਸੋਭਾ ਯਾਤਰਾ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਨਹਿਰ ਸਰਹਿੰਦ ਦੇ ਗੜ੍ਹੀ ਪੁੱਲ ਤੇ ਪਹੁੰਚੇਗੀ। ਜਿੱਥੇ ਦੇਰ ਸ਼ਾਮ ਗਣਪਤੀ ਜੀ ਦੀ ਵਿਸ਼ਾਲ ਮੂਰਤੀ ਦਾ ਵਿਸਰਜਨ ਕੀਤਾ ਜਾਵੇਗਾ। ਵਿਸਰਜਨ ਯਾਤਰਾ ਦੌਰਾਨ ਧਾਰਮਿਕ ਸੰਸਥਾਵਾ ਤੇ ਸਹਿਰ ਵਾਸੀਆ ਦੇ ਨਾਲ ਦੁਕਾਨਦਾਰਾਂ ਵੱਲੋ ਵੱਖ ਵੱਖ ਪਕਵਾਨਾ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੰਦਰ ਹਾਲ ਵਿੱਚ ਪਿਛਲੇ ਦੱਸ ਦਿਨ ਤੋ ਰੋਜ਼ ਸ਼ਾਮ ਚਾਰ ਵਜੇ ਭਜਨ ਕੀਰਤਨ ਕੀਤਾ ਜਾ ਰਿਹਾ ਹੈ ਰਾਤ ਕੁਹਾੜੇ ਤੋ ਆਏ ਜੰਗਮਾ ਨੇ ਭਗਵਾਨ ਸ਼ਿਵ ਦਾ ਵਿਆਹ ਰਚਾਇਆ ਤੇ ਵਿਆਹ ਦੌਰਾਨ ਸਰਧਾਲੂਆ ਨੂੰ ਮੰਦਰ ਹਾਲ ਵਿੱਚ ਝੂੰਮਣ ਲਾ ਦਿੱਤਾ। ਭਗਵਾਨ ਸ਼ਿਵ ਦੇ ਵਿਆਹ ਦੀ ਕਥਾ ਦਾ ਵਖਾਣ ਕਰਦਿਆ ਜੰਗਮਾ ਨੇ ਜੈ ਜੈ ਸਿਵ ਸੰਕਰ ਹਰ ਹਰ ਮਹਾਦੇਵ ਦੇ ਜੈਕਾਰਿਆ ਦੀ ਗੂੰਜ ਨਾਲ ਮਾਹੌਲ ਆਨੰਦਮਈ ਕਰ ਦਿੱਤਾ। ਇਸ ਮੌਕੇ ਪ੍ਰਧਾਨ ਸੰਨੀ ਗਰੋਵਰ ਦੇ ਨਾਲ ਮੰਦਰ ਕਮੇਟੀ ਪ੍ਰਧਾਨ ਨੰਦਕਿਸੋਰ ਤੇ ਪ੍ਰਬੰਧਕਾਂ ਵਿੱਚ ਚੇਅਰਮੈਨ ਵਿਕਾਸ ਮਿੱਤਲ ਪ੍ਰਧਾਨ ਸੰਨੀ ਗਰੋਵਰ ਦੇ ਨਾਲ ਰਾਜੀਵ ਪਾਹਵਾ,ਰਾਜੀਵ ਗਰੋਵਰ ਟੋਨੀ, ਅਮਿਤ ਨਰੂਲਾ,ਗੋਰਵ ਪਾਹਵਾ, ਧਰਮਿੰਦਰ ਜਾਂਗੜਾ, ਅੰਕੁਸ਼ ਗਰਗ, ਸੁਮਿਤ ਨਰੂਲਾ, ਨਿਤਿਸ਼ ਕੁੰਦਰਾ,ਰਵੀ ਸ਼ਰਮਾ, ਜੋਆਏ ਭੁੰਗੜਾ, ਦੀਪਕ ਚਾਨਣਾ, ਰਿੰਕੂ ਜਾਗੜਾ,ਅਭਿਸ਼ੇਕ ਗਰੋਵਰ,ਰੋਬਿਨ ਲੂਥੜਾ,ਗੋਰਵ ਗਰੋਵਰ,ਅਮਿੱਤ ਵਾਲੀਆ ਗਿੰਨੀ, ਮੋਹਿਤ ਗਰੋਵਰ,ਸਤੀਸ ਕੁਮਾਰ,ਨਤੇਸ਼ ਕੁਮਾਰ,ਰਮਨ ਟਕਿਆਰ, ਹਰਸ਼ਵਾਸ਼ਨ, ਯਤਿਨ ਸ਼ਰਮਾ,ਮਹਿੰਦਰਪਾਲ ਗਰੋਵਰ, ਰਾਕੇਸ਼ ਸੰਜੂ ਜਾਗੜਾ,ਮੰਦਰ ਪੁਜਾਰੀ ਅਨੁਜ ਸਾਸਤਰੀ ਤੋ ਇਲਾਵਾ ਬਜਰੰਗ ਦਲ ਦੇ ਮੈਬਰਾਨ ਤੇ ਹੋਰ ਵੀ ਵੱਡੀ ਗਿਣਤੀ ਵਿੱਚ ਮਹਿਲਾਂ ਸਰਧਾਲੂ ਮੌਜੂਦ ਸਨ।

# ਪੰਜਾਬ ਨੰਬਰਦਾਰ ਯੂਨੀਅਨ (ਬਲੌਂਗੀ) ਨੇ ਹਰਿਆਣਾ ਦੀ ਤਰਜ਼ ਤੇ ਟੋਲ ਟੈਕਸ ਮੁਆਫ਼ੀ ਤੇ ਬੀਮਾ ਸਹੂਲਤ ਮੰਗੀ




ਮਲੇਰਕੋਟਲਾ,(ਲੋਕ ਬਾਣੀ)) ਪੰਜਾਬ ਨੰਬਰਦਾਰ ਯੂਨੀਅਨ (ਬਲੌਂਗੀ) ਜ਼ਿਲ੍ਹਾ ਮਲੇਰਕੋਟਲਾ ਦੀ ਸਥਾਨਕ ਤਹਿਸੀਲ ਕੰਪਲੈਕਸ ਵਿਖੇ ਜਥੇਬੰਦੀ ਦੇ ਦਫ਼ਤਰ ਵਿਖੇ ਜ਼ਿਲ੍ਹਾ ਪ੍ਰਧਾਨ ਰਾਜ ਸਿੰਘ ਦੁੱਲਮਾਂ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿਚ ਸ਼ਾਮਿਲ ਨੰਬਰਦਾਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਨੰਬਰਦਾਰਾਂ ਨੂੰ ਵੀ ਹਰਿਆਣਾ ਰਾਜ ਵਾਂਗ ਮੁਫ਼ਤ ਬੀਮਾ ਅਤੇ ਫ਼ਰੀ ਟੋਲ ਸਹੂਲਤ ਸਮੇਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਨੰਬਰਦਾਰਾਂ ਨੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨੰਬਰਦਾਰਾਂ ਨਾਲ ਕੀਤੇ ਵਾਅਦਿਆਂ ਅਤੇ ਸਰਕਾਰ ਬਣਨ ਪਿੱਛੋਂ ਮੰਤਰੀਆਂ ਨਾਲ ਹੋਈਆਂ ਮੀਟਿੰਗਾਂ ਦੌਰਾਨ -ਮੰਨੀਆਂ ਸਾਰੀਆਂ ਮੰਗਾਂ ਤੁਰੰਤ ਪਰਵਾਨ ਕਰ ਕੇ ਲਾਗੂ ਕੀਤੀਆਂ ਜਾਣ। ਉਨ੍ਹਾਂ ਜੱਦੀ ਪੁਸ਼ਤੀ ਨੰਬਰਦਾਰੀ, ਦਫ਼ਤਰਾਂ ਅੰਦਰ ਨੰਬਰਦਾਰਾਂ ਦਾ ਮਾਣ ਸਤਿਕਾਰ ਅਤੇ ਭੱਤਿਆਂ ਵਿਚ ਵਾਧਾ ਆਦਿ ਮੰਗਾਂ ਮੰਨਣ ਦੀ ਵੀ ਅਪੀਲ ਕੀਤੀ। ਇਸ ਮੌਕੇ ਪ੍ਰਧਾਨ ਰਾਜ ਸਿੰਘ ਦੁਲਮਾਂ ਦੇ ਨਾਲ ਜ਼ਿਲ੍ਹਾ ਖ਼ਜ਼ਾਨਚੀ ਦਰਸਨ ਸਿੰਘ ਖਟੜਾ, ਮਲੇਰਕੋਟਲਾ ਦੇ ਤਹਿਸੀਲ ਪ੍ਰਧਾਨ ਬਿੱਕਰ ਸਿੰਘ ਰਾਣਵਾਂ, ਅਮਰਗੜ੍ਹ ਦੇ ਤਹਿਸੀਲ ਪ੍ਰਦਾਨ ਮਲਕੀਤ ਸਿੰਘ ਸਲੇਮਪੁਰ, ਅੱਛਰੂ ਸਿੰਘ ਹਿੰਮਤਾਣਾ, ਜਸਵੀਰ ਸਿੰਘ ਫਰਵਾਲੀ, ਮੁਹੰਮਦ ਸਦੀਕ ਭੈਣੀ ਕੰਬੋਆਂ, ਅਵਤਾਰ ਸਿੰਘ ਹਿੰਮਤਾਣਾ, ਸੁਰਿੰਦਰ ਸਿੰਘ ਸਲੇਮਪੁਰ ਮੀਤ ਪ੍ਰਧਾਨ ਅਮਰਗੜ੍ਹ, ਗੁਰਜੰਟ ਸਿੰਘ ਸੇਹਕੇ ਅਤੇ ਜਸਵੀਰ ਕੁਮਾਰ ਨਾਰੀਕੇ ਆਦਿ ਨੰਬਰਦਾਰ ਵੀ ਮੌਜੂਦ ਸਨ।

# ਡੇਰਾਬਸੀ ਦੇ ਪਿੰਡ ਮੁਕੰਦਪੁਰ ਵਿੱਚ ਸੈਂਕੜੇ ਨੌਜਵਾਨ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਡੇਰਾਬਸੀ, (ਲੋਕ ਬਾਣੀ) ਡੇਰਾਬਸੀ ਦੇ ਪਿੰਡ ਮੁਕੰਦਪੁਰ ਵਿੱਚ ਕਾਂਗਰਸ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਡੇਰਾਬੱਸੀ ਯੂਥ ਵਿੰਗ ਦੇ ਪ੍ਰਧਾਨ ਪਾਲੀ ਸਿੱਧੂ, ਬਲਾਕ ਪ੍ਰਧਾਨ ਕੁਲਦੀਪ ਮੀਆਂਪੁਰ ਅਤੇ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਸੈਂਕੜੇ ਨੌਜਵਾਨ ਅਤੇ ਉਨ੍ਹਾਂ ਦੇ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਨੇ ਕਿਹਾ ਕਿ ਉਹ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਕੀਤੇ ਜਾ ਰਹੇ ਵਿਕਾਸ ਤੋਂ ਪ੍ਰੇਰਿਤ ਹਨ ਅਤੇ ਇਸ ਅਹਿਮ ਸਮੇਂ 'ਤੇ 'ਆਪ' ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਇਹ ਪ੍ਰੋਗਰਾਮ 'ਆਪ' ਆਗੂਆਂ ਅਤੇ ਸਮਰਥਕਾਂ ਦੀ ਮੌਜੂਦਗੀ ਵਿੱਚ ਹੋਇਆ, ਜਿਨ੍ਹਾਂ ਨੇ ਨਵੇਂ ਮੈਂਬਰਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ। ਡੇਰਾਬੱਸੀ ਯੂਥ ਵਿੰਗ ਦੇ ਪ੍ਰਧਾਨ ਪਾਲੀ ਸਿੱਧੂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਨੌਜਵਾਨਾਂ ਅਤੇ ਉਤਸ਼ਾਹੀ ਵਿਅਕਤੀਆਂ ਨੂੰ ਸਾਡੀ ਪਾਰਟੀ ਵਿੱਚ ਸ਼ਾਮਲ ਕਰਕੇ ਖੁਸ਼ੀ ਹੋ ਰਹੀ ਹੈ। ਉਨ੍ਹਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਇਸ ਗੱਲ ਦਾ ਸਬੂਤ ਹੈ ਕਿ ਡੇਰਾਬਸੀ ਦੇ ਨੌਜਵਾਨ ਅਤੇ ਲੋਕ ਬਦਲਾਅ ਦੀ ਤਲਾਸ਼ ਕਰ ਰਹੇ ਹਨ ਅਤੇ ਆਮ ਆਦਮੀ ਪਾਰਟੀ ਦੇ ਵਿਜ਼ਨ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਮੌਕੇ ਬਲਾਕ ਪ੍ਰਧਾਨ ਕੁਲਦੀਪ ਮੀਆਂਪੁਰ ਨੇ ਆਮ ਆਦਮੀ ਪਾਰਟੀ ਦੀਆਂ ਵਿਕਾਸ ਯੋਜਨਾਵਾਂ ਬਾਰੇ ਦੱਸਦਿਆਂ ਦੱਸਿਆ ਕਿ ਕਿਸ ਤਰ੍ਹਾਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਸੋਚ ਨੌਜਵਾਨਾਂ ਦੀਆਂ ਆਸਾਂ ਨਾਲ ਜੁੜਦੀ ਹੈ। ਉਨ੍ਹਾਂ ਕਿਹਾ ਕਿ ਆਪ ਨੇ ਹਮੇਸ਼ਾ ਨੌਜਵਾਨਾਂ ਦੇ ਵਿਕਾਸ ਅਤੇ ਉਨ੍ਹਾਂ ਦੇ ਭਵਿੱਖ ਨੂੰ ਤਰਜੀਹ ਦਿੱਤੀ ਹੈ, ਅਸੀਂ ਆਮ ਆਦਮੀ ਪਾਰਟੀ ਦੇ ਹੋਰ ਵਿਕਾਸ ਨੂੰ ਦੇਖਿਆ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪਾਲੀ ਸਿੱਧੂ ਦੀ ਅਗਵਾਈ ਚ ਡੇਰਾਬੱਸੀ ਚ ਵੀ ਅਜਿਹਾ ਹੀ ਦੇਖਣ ਨੂੰ ਮਿਲੇਗਾ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਰਣਜੀਤ ਸਿੰਘ ਚੌਧਰੀ, ਜਗਤਾਰ ਸਿੰਘ ਤਾਰਾ, ਪ੍ਰੀਤ ਜ਼ੈਲਦਾਰ, ਪ੍ਰਿੰਸ, ਗੌਰਵ, ਪਰਮਿੰਦਰ, ਮਨੀਸ਼, ਮੀਤ, ਰਵੀ ਬਾਜਵਾ, ਬੱਬਰ ਆਦਿ ਨੇ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦਾ ਹਿੱਸਾ ਬਣਨ ਲਈ ਤਿਆਰ ਹਾਂ। ਆਮ ਆਦਮੀ ਪਾਰਟੀ ਅਤੇ ਸਾਡਾ ਪਿੰਡ ਅਤੇ ਪੰਜਾਬ ਦੀ ਮਦਦ ਦਾ ਸਵਾਗਤ ਕਰਦੇ ਹੋਏ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਇਹਨਾਂ ਨੌਜਵਾਨ ਅਤੇ ਗਤੀਸ਼ੀਲ ਸ਼ਖਸੀਅਤਾਂ ਦੇ ਆਪ ਵਿੱਚ ਸ਼ਾਮਲ ਹੋਣ ਨਾਲ ਡੇਰਾਬੱਸੀ ਵਿੱਚ ਪਾਰਟੀ ਦੀ ਹੋਂਦ ਵਿੱਚ ਭਾਰੀ ਵਾਧਾ ਹੋਇਆ ਹੈ। ਨੌਜਵਾਨਾਂ ਦੇ ਸਹਿਯੋਗ ਨਾਲ ਆਮ ਆਦਮੀ ਪਾਰਟੀ ਪਿੰਡਾਂ ਅਤੇ ਸੂਬੇ ਵਿੱਚ ਸਕਾਰਾਤਮਕ ਤਬਦੀਲੀ ਅਤੇ ਵਿਕਾਸ ਲਿਆਉਣ ਲਈ ਵਚਨਬੱਧ ਹੈ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਕਰੀਹਾ ਵਿਖੇ ਹੋਏ ਦੂਸਰੇ ਦਿਨ ਦੇ ਗੁਰਮਤਿ ਸਮਾਗਮ

## ਸਮਾਗਮ ਦੌਰਾਨ ਇਲਾਕੇ ਭਰ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਹੋਈਆਂ ਸ਼ਾਮਲ

ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ਮਨਪ੍ਰੀਤ ਵਾਸੂ) ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 555 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰਾਂ 4,5 ਅਤੇ 6 ਨਵੰਬਰ ਨੂੰ ਜੇ.ਐਸ.ਐਫ.ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਦੀ ਗਰਾਊਂਡ ਵਿਚ ਜ਼ਿਲ੍ਹਾ ਪੱਧਰ ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਹਾਨ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਕੀਰਤਨ ਦਰਬਾਰ ਨੂੰ ਸਮਰਪਿਤ ਜਿਲਾ ਭਰ ਵਿਚ ਕਰਵਾਏ ਜਾ ਰਹੇ 24 ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਦੂਸਰੇ ਦਿਨ ਦੇ ਸਮਾਗਮ ਗੁਰਦੁਆਰਾ ਸਿੰਘ ਸਭਾ ਪਿੰਡ ਕਰੀਹਾ ਵਿਖੇ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ।ਇਸ ਮੌਕੇ ਸ਼ਾਮ ਨੂੰ ਸੋਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਦੀ ਸਾਂਝ ਪਾਈ ਗਈ। ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਅਮਨਦੀਪ ਸਿੰਘ ਦੇ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਤੇ ਉਪਰੰਤ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਅਤੇ ਉਨਾਂ ਵਲੋਂ ਦਰਸਾਏ ਗਏ ਮਾਰਗ ਸੰਬੰਧੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਉਨਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਤਰਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਧਾਰਮਿਕ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਸਰਬੱਤ ਦੇ ਭਲੇ ਲਈ ਬਹੁਤ ਸ਼ਾਨਦਾਰ ਕਾਰਜ ਕਰ ਰਹੀ ਹੈ। ਉਨਾਂ ਨੇ ਪਿੰਡ ਪਿੰਡ ਜਾ ਕੇ ਸੰਗਤਾਂ ਨੂੰ ਆਪਣੇ ਵਿਰਸੇ ਨਾਲ ਜੋੜਣ ਵਾਲੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਅਰਦਾਸ ਉਪਰੰਤ ਸੁਸਾਇਟੀ ਵਲੋਂ ਸਮਾਗਮਾਂ ਦੇ ਸਰਪ੍ਰਸਤ ਬਰਜਿੰਦਰ ਸਿੰਘ ਹੁਸੈਨਪੁਰ ਅਤੇ ਦੀਦਾਰ ਸਿੰਘ ਗਹੂੰਣ ਨੇ ਗੁ: ਕਮੇਟੀ ਦੇ ਮੁੱਖੀ ਸ: ਦਲਜੀਤ ਸਿੰਘ ਕਰੀਹਾ ਦਾ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਗਿਆਨੀ ਤਰਲੋਚਨ ਸਿੰਘ ਖਟਕੜ ਕਲਾਂ ਵਾਲਿਆਂ ਨੇ ਨਿਭਾਈ। ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸਮਾਗਮ ਵਿੱਚ ਮਿਲੇ ਵੱਡੇ ਸਹਿਯੋਗ ਲਈ ਨਗਰ ਕਰੀਹਾ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਸੁਰਜੀਤ ਸਿੰਘ ਹੁਣਾਂ ਨੇ ਆਉਂਣ ਵਾਲੇ ਲੜੀਵਾਰ ਗੁਰਮਤਿ ਸਮਾਗਮਾਂ ਦੀ ਵੀ ਸੰਗਤ ਨਾਲ ਸਾਂਝ ਪਾਈ। ਇਸ ਮੌਕੇ ਸੰਗਤਾਂ ਵਿਚ ਗੁਰਿੰਦਰ ਸਿੰਘ ਸਾਬਕਾ ਸਰਪੰਚ ਕਰੀਹਾ, ਕੁਲਵੀਰ ਸਿੰਘ, ਮਨਪ੍ਰੀਤ ਸਿੰਘ, ਹਰਭਜਨ ਸਿੰਘ, ਹਰਮਿੰਦਰ ਸਿੰਘ ਗੁਰਦੇਵ ਸਿੰਘ, ਪਰਮਜੀਤ ਸਿੰਘ, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ ਤੋਂ ਇਲਾਵਾ ਉੱਤਮ ਸਿੰਘ ਸੇਠੀ, ਪਰਮਿੰਦਰ ਸਿੰਘ ਕੰਵਲ, ਜਗਜੀਤ ਸਿੰਘ ਬਾਟਾ, ਜਗਦੀਪ ਸਿੰਘ, ਰਮਣੀਕ ਸਿੰਘ, ਸੁਖਵਿੰਦਰ ਸਿੰਘ ਗੋਬਿੰਦਪੁਰ, ਪਲਵਿੰਦਰ ਸਿੰਘ ਕਰਿਆਮ, ਕੁਲਜਿੰਦਰਜੀਤ ਸਿੰਘ ਸੋਢੀ ਬੰਗਾ, ਪੱਤਰਕਾਰ ਸੁਰਿੰਦਰ ਸਿੰਘ ਕਰਮ, ਜਗਜੀਤ ਸਿੰਘ ਗਰਚਾ, ਪੱਤਰਕਾਰ ਹਰਿੰਦਰ ਸਿੰਘ, ਕੁਲਜੀਤ ਸਿੰਘ ਖਾਲਸਾ, ਹਕੀਕਤ ਸਿੰਘ, ਜਸਕਰਨ ਸਿੰਘ ਹੰਸਰੋਂ, ਗਿਆਨ ਸਿੰਘ, ਰਛਪਾਲ ਸਿੰਘ ਜੱਬੋਵਾਲ, ਜਸਵਿੰਦਰ ਸਿੰਘ ਸੈਣੀ, ਦਲਜੀਤ ਸਿੰਘ ਹਰਗੋਬਿੰਦ ਨਗਰ ਇੰਦਰਜੀਤ ਸਿੰਘ ਬਾਹੜਾ, ਮਹਿੰਦਰ ਸਿੰਘ ਜਾਫਰਪੁਰ, ਨਵਦੀਪ ਸਿੰਘ, ਪਰਮਜੀਤ ਸਿੰਘ ਮੂਸਾਪੁਰ, ਹਰਜਿੰਦਰ ਸਿੰਘ ਅਟਾਰੀ, ਦਲਜੀਤ ਸਿੰਘ ਬਡਵਾਲ, ਮਨਜੀਤ ਸਿੰਘ ਮਹਿਤਪੁਰ ਅਤੇ ਹਰਦੀਪ ਸਿੰਘ ਗੜ ਪਧਾਣਾ ਵੀ ਸ਼ਾਮਲ ਸਨ।

# ਸਵੱਛਤਾ ਹੀ ਸੇਵਾ ਪ੍ਰੋਗਰਾਮ ਅਧੀਨ ਸਵੱਛਤਾ ਰੈਲੀ ਕਾਰਵਾਈ ਗਈ



ਅੰਮ੍ਰਿਤਸਰ (ਲੋਕ ਬਾਣੀ)– ਅੱਜ ਮਿਤੀ 16/09/2024 ਦਿਨ ਸੋਮਵਾਰ ਨੂੰ ਮਾਣਯੋਗ ਕਮਿਸ਼ਨਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੱਛਤਾ ਹੀ ਸੇਵਾ ਪ੍ਰੋਗਰਾਮ ਤਹਿਤ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਫਿਨਿਲੂਪ ਸੰਸਥਾ,ਹਿੰਦੂ ਸਭਾ ਸਕੂਲ, ਡੀ ਏ ਵੀ ਸਕੂਲ,ਅਤੇ ਦਯਾ ਨੰਦ ਆਈ ਟੀ ਆਈ ਦੀ ਮਦਦ ਨਾਲ ਲੋਕਾਂ ਨੂੰ ਸ਼ਹਿਰ ਦੀ ਸਾਫ ਸਫਾਈ,ਗਿੱਲਾ ਅਤੇ ਸੁੱਕਾ ਕੂੜਾ ਅਲਗ ਅਲਗ ਡਸਟਬਿਨ ਵਿਚ ਰੱਖਣ ਅਤੇ ਅਲਗ ਅਲੱਗ ਹੀ ਕੂੜੇ ਵਾਲੀ ਗੱਡੀ ਨੂੰ ਜਾਂ ਨਿਰਧਾਰਤ ਰਿਕਸ਼ਾ ਰੇਹੜੀ ਨੂੰ ਦੇਣ ਆਦਿ ਬਾਬਤ ਜਾਗਰੂਕ ਕਰਨ ਲਈ ਸੈਂਟਰਲ ਜ਼ੋਨ ਵਿਚ ਆਉਂਦੇ ਹਾਲ ਬਾਜ਼ਾਰ ਵਿਖੇ ਇੱਕ ਸਵੱਛਤਾ ਰੈਲੀ ਕੱਢੀ ਗਈ। ਇਸ ਸਵੱਛਤਾ ਰੈਲੀ ਦੌਰਾਨ ਸਿਹਤ ਅਫ਼ਸਰ ਡਾਕਟਰ ਕਿਰਨ ਕੁਮਾਰ,ਚੀਫ਼ ਐਸ ਆਈ ਰਣਜੀਤ ਸਿੰਘ, ਸਰਬਜੀਤ ਸਿੰਘ,ਜਗਦੀਪ ਸਿੰਘ,ਐਸ ਆਈ ਤੇਜਿੰਦਰ ਕੁਮਾਰ,ਬ੍ਰਹਮ ਦਾਸ,ਗੁਰਪ੍ਰੀਤ ਸਿੰਘ , ਸਵੱਛ ਭਾਰਤ ਮਿਸ਼ਨ ਅੰਮ੍ਰਿਤਸਰ ਦੇ ਬ੍ਰਾਂਡ ਅੰਬੈਸਡਰ ਅਵਤਾਰ ਸਿੰਘ ਘੁੱਲਾ ,ਕਮਿਊਨਿਟੀ ਫੇਸਿਲਿਟੇਟਰ ਸੁਖਦੇਵ ਸਿੰਘ,ਫਿਨਿਲੂਪ ਦੇ ਨੁਮਾਇੰਦੇ ਸ੍ਰੀ ਅਜੈ , ਡਰਾਇੰਗ ਇਸਟਰੱਕਟਰ ਹਰਵਿੰਦਰ ਸਿੰਘ ਹਾਜ਼ਿਰ ਸਨ।

# ਗੁਰਦਾਸਪੁਰ ਡੀਬੀਈਈ ਦਫ਼ਤਰ ਦਾ ਦੌਰਾ ਅਤੇ ਮਲਟੀਮੀਡੀਆ ਪ੍ਰਦਰਸ਼ਨੀ



ਦੀਨਾਨਗਰ (ਡਾ.ਰਮੇਸ਼ ਸਰੰਗਲ ) ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ, ਦੀਨਾਨਗਰ ਨੇ ਪ੍ਰਿੰਸੀਪਲ ਡਾ. ਸੁਸ਼ਮਾ ਗੁਪਤਾ ਦੇ ਕੁਸ਼ਲ ਮਾਰਗਦਰਸ਼ਨ ਅਤੇ ਸਮਾਜ ਸ਼ਾਸਤਰ ਵਿਭਾਗ ਦੇ ਡਾਇਰੈਕਟਰ ਪ੍ਰੋ. ਸੋਨੀਆ ਠਾਕੁਰ ਦੇ ਅਗਵਾਈ ਚ ਗੁਰਦਾਸਪੁਰ ਵਿੱਚ ਜਿਲਾ ਰੋਜ਼ਗਾਰ ਅਤੇ ਉਦਮ ਬਿਊਰੋ (ਡੀਬੀਈਈ) ਦਫ਼ਤਰ ਦਾ ਦੌਰਾ ਕੀਤਾ ਗਿਆ। ਇਸ ਟੂਰ ਦਾ ਉਦੇਸ਼ ਵਿਦਿਆਰਥੀ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਸਹਾਇਤਾ ਕਰਨਾ ਅਤੇ ਉਹਨਾਂ ਨੂੰ ਰੋਜ਼ਗਾਰ ਦੇ ਮੌਕਿਆਂ ਅਤੇ ਉੱਦਮ ਦੇ ਵਿਕਾਸ ਬਾਰੇ ਬਹੁਮੁੱਲ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਪ੍ਰੋਗਰਾਮ ਵਿੱਚ ਬੀ.ਏ (ਐਸ.ਐਸ.ਟੀ.) ਅਤੇ ਬੀ.ਏ ਪੰਜਵੇਂ ਸੇਮੇਸਟਰ ਦੇ ਵਿਦਿਆਰਥ ਨੇ ਭਾਗ ਲਿਆ। ਕੇਂਦਰੀ ਸੰਚਾਰ ਬਿਊਰੋ ਦੁਆਰਾ ਆਯੋਜਿਤ ਤਿੰਨ ਦਿਨੀ ਮਲਟੀਮੀਡੀਆ ਪ੍ਰਦਰਸ਼ਨੀ 13 ਸਤੰਬਰ, 2024 ਨੂੰ ਸੰਪੰਨ ਹੋਇਆ। ਇਹ ਪ੍ਰਦਰਸ਼ਨੀ ਪੁਰਾਣੀ ਬਸ ਸਟੈਂਡ, ਗੁਰਦਾਸਪੁਰ ਵਿੱਚ ਆਯੋਜਿਤ ਕੀਤੀ ਗਈ ਸੀ ਅਤੇ ਇਸਦਾ ਉਦਘਾਟਨ ਜਿਲਾ ਪ੍ਰਸ਼ਾਸਨ ਦੁਆਰਾ ਕੇਂਦਰੀ ਸੰਚਾਰ ਬਿਊਰੋ, ਜਲੰਧਰ ਦੀ ਸਹਾਇਤਾ ਨਾਲ ਕੀਤਾ ਗਿਆ।

– ਔਰਤਾਂ ਵਿੱਚ ਕੈਂਸਰ ਦੇ ਪ੍ਰਤੀ ਜਾਗਰੂਕਤਾ ਪੈਦਾ ਕਰੋ

– ਗੁਰਦਾਸਪੁਰ ਜਿਲਾ ਪੁਲਿਸ ਪ੍ਰਮੁੱਖ ਹਰੀਸ਼ ਦਯਾਮਾ ਨੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰਹਿਣ ਅਤੇ ਪੜਾਈ ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ।

– ਔਰਤਾਂ ਲਈ ਫ੍ਰੀ ਸਤਨ ਕੈਂਸਰ ਜਾਂਚ ਸ਼ਿਵਿਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ 30 ਤੋਂ ਵੱਧ ਔਰਤਾਂ ਦੀ ਜਾਂਚ ਕੀਤੀ ਗਈ

– ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਆਧਾਰ ਕਾਰਡ, ਅਯੂਸ਼ਮਾਨ ਕਾਰਡ, ਵਿਕਲਾਂਗਤਾ ਕਾਰਡ, ਬੈਂਕ ਅਤੇ ਪੁਲਿਸ ਸੇਵਾਵਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸਟਾਲ ਲਗਾਏ ਗਏ।

– ਗੁਰਦਾਸਪੁਰ ਹੇਰਿਟੇਜ ਸੋਸਾਇਟੀ

– ਨੇ ਤਸਵੀਰਾਂ ਦੇ ਮਾਧਿਅਮ ਤੋਂ ਜਿਲੇ ਦੇ ਵਿਰਾਸਤ ਸਥਾਨ ਪ੍ਰਦਰਸ਼ਿਤ ਕੀਤੇ ਗਏ ਹਨ

ਇਹ ਦੌਰਾ ਅਤੇ ਪ੍ਰਦਰਸ਼ਨੀ ਵਿਦਿਆਰਥੀਆਂ ਲਈ ਇੱਕ ਖੁਸ਼ਹਾਲ ਅਨੁਭਵ ਸਾਬਿਤ ਹੋਈ ਨਾਲ ਹੀ ਉਹਨਾਂ ਨੂੰ ਆਪਣੇ ਭਵਿੱਖ ਦੇ ਯਤਨਾਂ ਲਈ ਬਹੁਮੁੱਲ ਜਾਣਕਾਰੀ ਅਤੇ ਮਾਰਗਦਰਸ਼ਨ ਮਿਲਿਆ। ਪ੍ਰਿੰਸੀਪਲ ਡਾ. ਸੁਸ਼ਮਾ ਗੁਪਤਾ ਨੇ ਸਮਾਜ ਸ਼ਾਸਤਰ ਵਿਭਾਗ ਦੁਆਰਾ ਇਸ ਦੌਰੇ ਅਤੇ ਪ੍ਰਦਰਸ਼ਨੀ ਨੂੰ ਸਫਲ ਬਣਾਉਣ ਲਈ ਪ੍ਰੋ. ਸੋਨੀਆ ਠਾਕੁਰ, ਪ੍ਰੋ. ਪ੍ਰੀਤੀ ਸ਼ਰਮਾ ਦਾ ਧੰਨਵਾਦ ਪ੍ਰਗਟ ਕੀਤਾ।

# ਦੀਨਾਨਗਰ 'ਚ ਭਾਜਪਾ ਨੂੰ ਝਟਕਾ, ਪੱਕੇ ਸਮਰਥਕ ਹੋਏ ਕਾਂਗਰਸ ਵਿੱਚ ਸ਼ਾਮਲ



ਦੀਨਾਨਗਰ, ( ਡਾ.ਰਮੇਸ਼ ਸਰੰਗਲ ) ਦੀਨਾਨਗਰ ਸ਼ਹਿਰ ਅੰਦਰ ਭਾਜਪਾ ਦੇ ਪੱਕੇ ਸਮਰਥਕ ਵਜੋਂ ਜਾਣੇ ਜਾਂਦੇ ਜੁਗਲ ਕਿਸ਼ੋਰ ਮਹਾਜਨ, ਦਾਨਿਸ਼ ਮਹਾਜਨ ਅਤੇ ਵਿਕਰਾਂਤ ਮਹਾਜਨ ਨੇ ਅੱਜ ਭਾਜਪਾ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ। ਇਨ੍ਹਾਂ ਆਗੂਆਂ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦੇ ਪਿੱਛੇ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹਲਕੇ ਅੰਦਰ ਕਰਵਾਏ ਗਏ ਅਣਗਿਣਤ ਵਿਕਾਸ ਕੰਮਾਂ ਨੂੰ ਮੁੱਖ ਕਾਰਨ ਦੱਸਿਆ। ਜੁਗਲ ਕਿਸ਼ੋਰ ਮਹਾਜਨ ਅਤੇ ਦਾਨਿਸ਼ ਮਹਾਜਨ ਨੇ ਕਿਹਾ ਕਿ ਉਹ ਅੱਜ ਤੋਂ ਮੈਡਮ ਅਰੁਣਾ ਚੌਧਰੀ ਨਾਲ ਚੱਲਣਗੇ ਅਤੇ ਉਨ੍ਹਾਂ ਦੇ ਪੱਕੇ ਸਿਪਾਹੀ ਬਣ ਕੇ ਕਾਂਗਰਸ ਪਾਰਟੀ ਲਈ ਕੰਮ ਕਰਨਗੇ। ਇਨ੍ਹਾਂ ਆਗੂਆਂ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਕਰਵਾਉਣ ਲਈ ਯੂਥ ਆਗੂ ਆਤਿਸ਼ ਮਹਾਜਨ ਵੱਲੋਂ ਮੁੱਖ ਭੂਮਿਕਾ ਨਿਭਾਈ ਗਈ। ਇਸ ਦੌਰਾਨ ਉਕਤ ਭਾਜਪਾ ਆਗੂਆਂ ਨੂੰ ਸਿਰੋਪੇ ਪਹਿਨਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਵਿਧਾਇਕਾ ਅਰੁਣਾ ਚੌਧਰੀ ਨੇ ਕਿਹਾ ਕਿ ਹੁਣ ਤੱਕ ਕਈ ਭਾਜਪਾ ਆਗੂ ਤੇ ਵਰਕਰ ਉਨ੍ਹਾਂ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ। ਜੋ ਉਨ੍ਹਾਂ ਲੋਕਾਂ ਦੀ ਉਸਾਰੂ ਸੋਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਲੋਕ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਆਉਣ ਵਾਲਾ ਸਮਾਂ ਹੁਣ ਕਾਂਗਰਸ ਪਾਰਟੀ ਦਾ ਹੈ ਅਤੇ 2027 ਵਿੱਚ ਕਾਂਗਰਸ ਮੁੜ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਵੇਗੀ। ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਉਨ੍ਹਾਂ ਦੀ ਪਾਰਟੀ ਜੁਆਇਨ ਕਰਨ ਵਾਲਿਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਕਾਂਗਰਸ ਪਾਰਟੀ 'ਚ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਿੰਨਾ ਕੰਮ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਕਰਵਾਇਆ ਗਿਆ ਹੈ ਉਹ ਇੱਕ ਰਿਕਾਰਡ ਹੈ ਅਤੇ ਇਸਨੂੰ ਤੋੜਨਾ ਕਿਸੇ ਭਾਜਪਾ ਜਾਂ 'ਆਪ' ਆਗੂ ਦੇ ਵੱਸ ਦੀ ਗੱਲ ਨਹੀਂ ਹੈ।

ਆਤਿਸ਼ ਮਹਾਜਨ ਨੇ ਦਾਅਵਾ ਕੀਤਾ ਕਿ ਜੋ ਲੋਕ ਉਨ੍ਹਾਂ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਹਨ ਇਹ ਜਨਮ ਜਨਮ ਤੋਂ ਭਾਜਪਾ ਨਾਲ ਜੁੜੇ ਹੋਏ ਸਨ ਪਰ ਵਿਧਾਇਕਾ ਅਰੁਣਾ ਚੌਧਰੀ ਦੇ ਕੰਮਾਂ ਅਤੇ ਸਾਫ਼ ਸੁਥਰੇ ਅਕਸ ਨੇ ਉਨ੍ਹਾਂ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਅਨਿਲ ਮਹਾਜਨ ਅਤੇ ਵਿੱਕੀ ਅਗਰਵਾਲ ਵੀ ਮੌਜੂਦ ਸਨ।

# ਰਾਜੇਸ਼ ਧੀਮਾਨ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ ਮਨਪ੍ਰੀਤ ਵਾਸੂ)2014ਬੈਚ ਦੇ ਆਈ. ਏ. ਐਸ ਅਫ਼ਸਰ ਰਾਜੇਸ਼ ਧੀਮਾਨ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ।ਇਸ ਤੋਂ ਇਲਾਵਾ ਉਹ ਡਾਇਰੈਕਟਰ ਖੇਡਾਂ ਅਤੇ ਯੁਵਕ ਸੇਵਾਵਾਂ ਵਜੋਂ ਵੀ ਬਿਹਤਰੀਨ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਵੱਖ-ਵੱਖ ਸਿਵਲ ਪ੍ਰਸ਼ਾਸਨਿਕ ਅਹੁਦਿਆਂ ਤੇ ਸ਼ਾਨਦਾਰ ਕੰਮ ਦਾ ਤਜ਼ਰਬਾ ਰੱਖਦੇ ਹਨ।ਅਹੁਦਾ ਸੰਭਾਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਉਹ ਬਹੁਤ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਪਵਿੱਤਰ ਧਰਤੀ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨਾਲ ਜੁੜੇ ਇਸ ਜ਼ਿਲ੍ਹੇ ਵਿਚ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨਾ, ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ, ਸਰਕਾਰੀ ਸਕੀਮਾਂ ਦਾ ਲਾਭ ਉਨ੍ਹਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਜ਼ਿਲ੍ਹੇ ਨੂੰ ਹਰੇਕ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣਾ ਉਨਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨੂੰ ਘਰ-ਘਰ ਪਹੁੰਚਾਉਣ ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਜਿਲਾ ਵਾਸੀਆਂ ਦੀ ਸੇਵਾ ਵਿਚ 24 ਘੰਟੇ ਹਾਜ਼ਰ ਰਹਿਣਗੇ।ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਉਨਾਂ ਨੂੰ ਸ਼ਾਨਦਾਰ 'ਗਾਰਡ ਆਫ਼ ਆਨਰ' ਦਿੱਤਾ ਗਿਆ। ਅਹੁਦਾ ਛੱਡ ਕੇ ਜਾ ਰਹੇ ਨਵਜੋਤ ਪਾਲ ਸਿੰਘ ਰੰਧਾਵਾ ਨੇ ਇਸ ਮੌਕੇ ਉਨਾਂ ਨੂੰ ਵਧਾਈ ਦਿੰਦਿਆਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ ਉਨਾਂ ਦਾ ਸਵਾਗਤ ਕਰਨ ਵਾਲਿਆਂ ਵਿਚ ਐਸ. ਡੀ. ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਐਸ. ਡੀ. ਐਮ ਬੰਗਾ ਵਿਕਰਮਜੀਤ ਸਿੰਘ ਪਾਂਥੇ, ਐਸ. ਡੀ. ਐਮ ਬਲਾਚੌਰ ਰਵਿੰਦਰ ਬਾਂਸਲ ਤੋਂ ਇਲਾਵਾ ਅਧਿਕਾਰੀ ਤੇ ਕਰਮਚਾਰੀ ਸ਼ਾਮਿਲ ਸਨ।

ਰੋਜ਼ਾਨਾ ਲੋਕ ਬਾਣੀ www.lokbani

# 19 ਨੂੰ ਭਟੋਆ ਸਕੂਲ ਵਿੱਚ ਨਵੇਂ ਕਾਨੂੰਨਾਂ ਦੀ ਜਾਣਕਾਰੀ ਦੇਣ ਅਤੇ ਨਸ਼ਿਆਂ ਖਿਲਾਫ਼ ਲਗਾਇਆ ਜਾਵੇਗਾ ਵਿਸ਼ੇਸ਼ ਸੈਮੀਨਾਰ, ਰਮੇਸ ਪਾਲ



ਦੀਨਾਨਗਰ (ਡਾ.ਰਮੇਸ਼ ਸਰੰਗਲ ) ਪ੍ਰੈਸ ਨੋਟ ਜਾਰੀ ਕਰਦੇ ਹੋਏ ਸ਼ਹੀਦ ਭਗਤ ਸਿੰਘ ਵੈਲਫੇਅਰ ਸੋਸਾਇਟੀ ਦੀਨਾਨਗਰ ਰਜਿ: ਦੇ ਪ੍ਰਧਾਨ ਰਮੇਸ ਪਾਲ ਨੇ ਦੱਸਿਆ ਕਿ 19 ਸਤੰਬਰ ਦਿਨ ਵੀਰਵਾਰ ਸ਼ਹੀਦ ਫੌਜੀ ਸਿਪਾਹੀ ਮੇਜਰ ਸਿੰਘ ਸਰਕਾਰੀ ਹਾਈ ਸਕੂਲ ਭਟੋਇਆ ਵਿੱਚ ਏ ਐਸ ਆਈ ਬਲਦੇਵ ਸਿੰਘ ਥਾਣਾ ਦੀਨਾਨਗਰ ਦੀ ਨਿਗਰਾਨੀ ਹੇਠ, ਨਵੇਂ ਕਨੂੰਨਾਂ ਦੀ ਜਾਣਕਾਰੀ ਦੇਣ, ਅਤੇ ਨਸਿਆਂ ਖਿਲਾਫ ਇਕ ਵਿਸ਼ੇਸ਼ ਸੈਮੀਨਾਰ ਲਗਾਇਆ ਜਾਵੇਗਾ। ਸੈਮੀਨਾਰ ਦਾ ਪ੍ਰਬੰਧ ਸਰਕਾਰੀ ਹਾਈ ਸਕੂਲ ਭਟੋਇਆ ਦੀ ਹੈੱਡਮਾਸਟਰ ਮੈਡਮ ਮੀਨਾਕਸੀ ਦੁਆਰਾ ਕੀਤਾ ਜਾਵੇਗਾ । ਇਸ ਸੈਮੀਨਾਰ ਵਿੱਚ ਡੀ ਐਸ ਪੀ ਸੁਰਿੰਦਰ ਸਿੰਘ ਮੁੱਖ ਮਹਿਮਾਨ ਹੋਣ ਗਏ। ਇਸ ਸੈਮੀਨਾਰ ਵਿੱਚ ਪੰਜਾਬ ਪੁਲਿਸ ਦੇ ਉੱਚ ਅਧਿਕਾਰੀ ਨਵੇਂ ਕਾਨੂੰਨਾਂ ਸਬੰਧੀ ਅਤੇ ਨਸ਼ਿਆਂ ਦੇ ਖਿਲਾਫ ਜਾਣਕਾਰੀ ਦੇਣਗੇ ।

ਰੋਜ਼ਾਨਾ ਲੋਕ ਬਾਣੀ www.lokbani

# ਸਮਾਜ ਸੇਵੀ ਕਮਲਦੀਪ ਸਿੰਘ ਦੇ ਯਤਨਾਂ ਸਦਕਾ ਚਾਰ ਸਕੂਲਾਂ ਦੇ 170 ਵਿਦਿਆਰਥੀਆਂ ਨੇ ਬੀਬੀ ਰਜਨੀ ਫਿਲਮ ਵੇਖੀ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਮਾਜ ਸੇਵਾ ਦੇ ਕੰਮਾਂ ਨਾਲ ਜਾਣੇ ਜਾਂਦੇ ਸਮਾਜ ਸੇਵੀ ਕਮਲਦੀਪ ਸਿੰਘ ਦੇ ਉੱਦਮ ਉਪਰਾਲੇ ਸਦਕਾ ਚਾਰ ਸਕੂਲਾਂ ਦੇ 170 ਤੋਂ ਵੱਧ ਸਕੂਲੀ ਵਿਦਿਆਰਥੀਆਂ ਤੇ ਸਟਾਫ਼ ਨੂੰ ਇਤਿਹਾਸਿਕ ਫਿਲਮ ਬੀਬੀ ਰਜਨੀ ਵਿਖਾਈ ਗਈ ਇਸ ਮੋਕੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਸਮਾਜ ਸੇਵੀ ਕਮਲਦੀਪ ਸਿੰਘ ਨੇ ਦੱਸਿਆ ਕਿ ਅੱਜ ਦੇ ਦੋੜ ਭੱਜ ਦੇ ਯੁੱਗ ਚ ਲੋਕ ਪੈਸੇ ਦੀ ਦੌੜ ਚ ਲੱਗੇ ਹੋਏ ਹਨ ਇੱਥੋ ਤੱਕ ਕਿ ਰਿਸ਼ਤਿਆਂ ਵਿੱਚ ਵੀ ਪਹਿਲਾ ਵਰਗੀ ਮਿਠਾਸ ਨਹੀਂ ਰਹੀ ਜਿਸ ਕਾਰਣ ਅੱਜ ਲੋਕਾ ਕੋਲ ਸਮੇ ਦੀ ਬਹੁਤ ਘਾਟ ਹੈ ਅਤੇ ਉਹ ਚੰਗੀ ਗੱਲ ਲਈ ਵੀ ਸਮਾਂ ਨਹੀ ਕੱਢਦੇ ਉਨ੍ਹਾਂ ਦੱਸਿਆ ਕਿ ਬੀਬੀ ਰਜਨੀ ਫਿਲਮ ਬਹੁਤ ਹੀ ਵਧੀਆਂ ਸੰਦੇਸ਼ ਦਿੰਦੀ ਹੈ ਕਿ ਪ੍ਰਮਾਤਮਾ ਤੇ ਯਕੀਨ ਰੱਖੋ ਤੇ ਨੇਕ ਕਾਰਜ ਕਰਦੇ ਰਹੋ ਸਮਾਂ ਆਉਣ ਤੇ ਇਸ ਦਾ ਫੱਲ ਜ਼ੂਰਰ ਮਿਲੇਗਾ ਇਸ ਮੌਕੇ ਸਕੂਲ ਪ੍ਰਬੰਧਨ ਵਲੋਂ ਕਮਲਦੀਪ ਸਿੰਘ, ਸ ਦਲਜੀਤ ਸਿੰਘ, ਸ ਨਵਜੀਤ ਸਿੰਘ, ਸ਼੍ਰੀਮਤੀ ਬਲਜੀਤ ਕੌਰ ਭੱਟੀ, ਸ ਹਰਨੇਕ ਸਿੰਘ, ਸ਼੍ਰੀ ਮਧੂ ਕੁਮਾਰ, ਸ਼੍ਰੀ ਜੈਦੇਵ ਦੁੱਗਲ, ਸ਼੍ਰੀ ਦੀਪਕ ਸ਼ਰਮਾ, ਸ਼੍ਰੀ ਅਕਾਸ਼ ਸ਼ਰਮਾ ਆਦਿ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ

ਰੋਜ਼ਾਨਾ ਲੋਕ ਬਾਣੀ www.lokbani

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੌਲਤਪੁਰ ਵਿਖੇ ਸੈਮੀਨਾਰ



ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ ਮਨਪ੍ਰੀਤ ਵਾਸੂ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੌਲਤਪੁਰ ਵਿਖੇ ਮਾਣਯੋਗ ਜ਼ਿਲਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪ੍ਰੀਆ ਸੂਦ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਡਾਕਟਰ ਅਮਨਦੀਪ ਸੀ ਜੇ. ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪਰਦੇਸੀ ਅਤੇ ਦੇਸ ਰਾਜ ਬਾਲੀ ਦੁਆਰਾ ਸੈਮੀਨਾਰ ਆਯੋਜਿਤ ਕੀਤਾ ਗਿਆ।ਜਿਸ ਦੌਰਾਨ ਡਾ. ਅਮਨਦੀਪ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਪੋਕਸੋ ਐਕਟ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਬੱਚਿਆਂ ਨੂੰ ਕੋਈ ਤੰਗ ਪ੍ਰੇਸਾਨ ਕਰਦਾ ਹੈ, ਸਰੀਰਕ ਤੌਰ ਤੇ ਗ਼ਲਤ ਤਰੀਕੇ ਨਾਲ ਛੇੜਛਾੜ ਕਰਦਾ ਹੈ, ਕੋਈ ਅਸ਼ਲੀਲ ਵੀਡੀਓ ਦਿਖਾਉਂਦਾ ਹੈ,ਗਲਤ ਮੈਸੇਜ ਕਰਦਾ ਹੈ, ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਦਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਵੇਲੇ ਬੱਚੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਨੂੰ ਜ਼ੂਰ ਦੱਸਣ, ਜਾਂ ਬੱਚਿਆਂ ਦੇ ਹੈਲਪ ਲਾਈਨ ਨੰਬਰ 1098 ਤੇ ਕਾਲ ਕਰਕੇ ਮਦਦ ਲੈ ਸਕਦੇ ਹਨ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਐਸ ਸੀ ਐਸ ਟੀ ਜ਼ਾਤ ਨਾਲ ਸਬੰਧਤ ਵਿਅਕਤੀ,ਬੱਚੇ ਬਜ਼ੁਰਗ, ਔਰਤਾਂ, ਅਪੰਗ ਵਿਅਕਤੀ,ਬੇਗਾਰ ਦਾ ਮਾਰਿਆ, ਜੇਲ੍ਹ ਵਿੱਚ ਬੰਦ ਕੈਦੀ, ਉਦਯੋਗਿਕ ਕਾਮੇ,ਮਾਨਸਿਕ ਰੋਗੀ, ਅਤੇ ਉਹ ਵਿਅਕਤੀ ਜਿਨਾਂ ਦੀ ਆਮਦਨ ਸਾਲਾਨਾ ਤਿੰਨ ਲੱਖ ਰੁਪਏ ਤੋਂ ਘੱਟ ਹੈ,ਉਹ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਅਤੇ ਵਕੀਲ ਦੀਆਂ ਸੇਵਾਵਾਂ ਮੁਫਤ ਲੈ ਸਕਦੇ ਹਨ॥ ਉਹਨਾਂ ਬੱਚਿਆਂ ਨੂੰ ਦੇਸ਼ ਵਿੱਚ ਬੱਚਿਆਂ ਲਈ ਬਣੇ ਵੱਖ ਵੱਖ ਕਾਨੂੰਨਾਂ ਪ੍ਰਤੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਦੇਸ ਰਾਜ ਬਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਜ਼ਿਆਦਾ ਜਾਣਕਾਰੀ ਲਈ ਟੋਲ ਫ੍ਰੀ ਨੰਬਰ 1968 ਤੋਂ ਲਈ ਜਾ ਸਕਦੀ ਹੈ॥ ਸਕੂਲਦੇ ਪ੍ਰਿੰਸੀਪਲ ਸੁਨੀਤਾ ਰਾਣੀ ਨੇ ਵਿਦਿਆਰਥੀਆਂ ਨੂੰ ਅਜੋਕੇ ਸਮੇਂ ਦੀਆਂ ਚੁਣੌਤੀਆਂ ਤੋਂ ਸੁਚੇਤ ਰਹਿਣ ਲਈ ਕਿਹਾ ਅਤੇ ਬੱਚਿਆਂ ਨੂੰ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੇ ਕਹਿਣੇ ਚ ਰਹਿਣ ਲਈ ਪ੍ਰੇਰਿਆ ਅਤੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪੈਰਾ ਲੀਗਲ ਵਲੰਟੀਅਰ ਵਾਸਦੇਵ ਪਰਦੇਸੀ,ਦੇਸ ਰਾਜ ਬਾਲੀ, ਨਿਰਮਲ ਸਿੰਘ, ਰਣਜੀਤ ਸਿੰਘ,ਕੁਲਵਿੰਦਰ ਕੌਰ, ਜਸਵਿੰਦਰ ਕੌਰ, ਸਿਮਰਨਜੀਤ ਕੌਰ,ਚੰਚਲ ਰਾਣੀ,ਕਿਰਨ ਬੰਗੜ, ਪ੍ਰਿਆ, ਗੁਰਮੀਤ ਲਾਲ,ਬਲਜਿੰਦਰ ਕੌਰ,ਜਸਵੀਰ ਸਿੰਘ, ਨਰੇਸ਼ ਕੁਮਾਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ। ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ। ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ। ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ। ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਟਰੈਫਿਕ ਪੁਲਿਸ ਨੇ ਧੂਰੀ ਸ਼ਹਿਰ ਦੀਆਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਕੀਤੀ ਸ਼ੁਰੂ

## ਨਿਯਮਾਂ ਦੀ ਉਲੰਘਣਾ ਕਰਨ ਵਾਲੇ ਤੇ ਹੋਵੇਗੀ ਸਖਤ ਕਾਰਵਾਈ: ਥਾਣੇਦਾਰ ਪਵਨ ਕੁਮਾਰ

ਸ਼ੇਰਪੁਰ/ਧੂਰੀ :(ਸੱਤਪਾਲ ਸਿੰਘ ਕਾਲਾਬੂਲਾ)- ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇੰਚਾਰਜ ਟਰੈਫਿਕ ਜ਼ਿਲਾ ਪੁਲਿਸ ਸੰਗਰੂਰ ਥਾਣੇਦਾਰ ਪਵਨ ਕੁਮਾਰਦੀ ਅਗਵਾਈ 'ਚ ਟੀਮ ਵਲੋਂ ਕਾਰਵਾਈ ਕਰਦੇ ਹੋਏ ਧੂਰੀ ਚੋਂ ਨਾਜਾਇਜ਼ ਕਬਜ਼ੇ ਹਟਾਏ ਗਏ। ਟ੍ਰੈਫਿਕ ਪੁਲਿਸ ਦੀ ਟੀਮ ਵੱਲੋਂ ਸੜਕ ਕਿਨਾਰੇ ਲਗਾਈਆਂ ਗਈਆਂ ਸਬਜ਼ੀ, ਜੂਸ ਤੇ ਫਾਸਟ ਫੂਡ ਦੀਆਂ ਰੇਹੜੀਆਂ ਵਾਲਿਆਂ ਨੂੰ ਨੋਟਿਸ ਦਿੰਦੇ ਹੋਏ ਜਲਦ ਨਾਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦਿੱਤੀ ਗਈ। ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਸ਼ਾਮ ਵੇਲੇ ਕੰਮਕਾਜ ਵਾਲੇ ਲੋਕਾਂ ਦੀ ਘਰ ਵਾਪਸੀ ਹੋਣ ਕਾਰਨ ਰੋਡ ਉਪਰ ਜ਼ਿਆਦਾ ਟ੍ਰੈਫਿਕ ਹੋ ਜਾਂਦੀ ਹੈ ਤੇ ਰੇਹੜੀਆਂ ਵਾਲਿਆਂ ਤੇ ਦੁਕਾਨਦਾਰਾਂ ਵੱਲੋਂ ਬਾਹਰ ਸਮਾਨ ਲਗਾ ਕੇ ਕੀਤੇ ਗਏ ਨਾਜਾਇਜ਼ ਕਬਜ਼ਿਆਂ ਕਾਰਨ ਰੋਡ ਉਪਰ ਜਾਮ ਲੱਗਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦੀ ਟੀਮ ਪਹਿਲਾਂ ਵੀ ਕਈ ਵਾਰ ਦੁਕਾਨਦਾਰਾਂ ਤੇ ਰੇਹੜੀਆਂ ਲਗਾਉਣ ਵਾਲਿਆਂ ਨੂੰ ਨਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦੇ ਚੁੱਕੀ ਹੈ ਪਰ ਕੁਝ ਦਿਨਾਂ ਬਾਅਦ ਹਾਲ ਫਿਰ ਉਹੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰੇਹੜੀਆਂ ਵਾਲਿਆਂ ਕਾਰਨ ਟ੍ਰੈਫਿਕ ਦੀ ਵਧਦੀ ਜਾ ਰਹੀ ਇਸ ਸਮੱਸਿਆ ਨੂੰ ਵੇਖਦਿਆਂ ਨਜਾਇਜ਼ ਕਬਜ਼ੇ ਕਰਵਾਉਣ ਵਾਲੇ ਦੁਕਾਨਦਾਰਾਂ ਤੇ ਰੇਹੜੀਆਂ ਵਾਲਿਆਂ ਨੂੰ ਨੋਟਿਸ ਜਾਰੀ ਕਰਦਿਆਂ ਰੇਹੜੀਆਂ ਸੜਕ ਤੋਂ ਪਿੱਛੇ ਹਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨੋਟਿਸ ਦੇਣ ਉਪਰੰਤ ਵੀ ਜੇਕਰ ਆਉਣ ਵਾਲੇ ਦਿਨਾਂ 'ਚ ਕਿਸੇ ਵੀ ਦੁਕਾਨਦਾਰ ਜਾਂ ਰੇਹੜੀ ਵਾਲੇ ਨੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ੇ ਕਰਦੇ ਹੋਏ ਟ੍ਰੈਫਿਕ ਸਮੱਸਿਆ ਵਧਾਈ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਦੁਕਾਨਾਂ ਦੇ ਬਾਹਰ ਸਮਾਨ ਰੱਖ ਕੇ ਟਰੈਫਿਕ ਵਿੱਚ ਵਿਘਨ ਨਾ ਪਾਇਆ ਜਾਵੇ ਨਹੀਂ ਤਾਂ ਅਗਲੀ ਵਾਰ ਸਮਾਨ ਨੂੰ ਜ਼ਬਤ ਕਰ ਲਿਆ ਜਾਵੇਗਾ।



# ਸਕੂਲ ਵਿਖੇ ਚਿੱਤਰਕਲਾ ਮੁਕਾਬਲੇ ਕਰਵਾਏ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪ੍ਰੋਜੈਕਟ ਵੀਰ ਗਾਥਾ ਦੇਸ਼ ਦੀ ਅਜ਼ਾਦੀ ਅਤੇ ਰੱਖਿਆ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ ਵਾਲੇ ਯੋਧਿਆਂ ਦੀ ਯਾਦ ਵਿੱਚ ਸਨਮਾਨ ਵਜੋਂ ਚਲਾਇਆ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਆਪਣੇ ਸ਼ਹੀਦਾਂ, ਸੁਤੰਤਰਤਾ ਸੈਨਾਨੀਆਂ ਅਤੇ ਸਰਹੱਦਾਂ ਦੀ ਦਿਨ -ਰਾਤ ਰੱਖਿਆ ਕਰਨ ਵਾਲੇ ਸੈਨਿਕਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ ਵਿਖੇ ਕਰਵਾਏ ਗਏ ਚਿੱਤਰਕਲਾ ਮੁਕਾਬਲੇ ਦੌਰਾਨ ਪ੍ਰੋਜੈਕਟ ਕੋਆਰਡੀਨੇਟਰ ਅਰਜਨਜੀਤ ਸਿੰਘ (ਮੈਥ ਮਾਸਟਰ) ਨੇ ਕੀਤਾ। ਪ੍ਰੋਜੈਕਟ ਤਹਿਤ ਮੈਡਮ ਅਮਰਜੀਤ ਕੌਰ ਅਤੇ ਅਮਨਪ੍ਰੀਤ ਕੌਰ ਦੀ ਨਿਗਰਾਨੀ ਹੇਠ ਸਕੂਲ ਵਿੱਚ ਚਿੱਤਰਕਲਾ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਦੇਸ਼ ਭਗਤਾਂ ਅਤੇ ਸ਼ਹੀਦਾਂ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਦਰਸਾਉਂਦੇ ਚਿੱਤਰ ਬਣਾਏ। ਇਸ ਮੌਕੇ ਇੰਚਾਰਜ ਊਸ਼ਾ ਰਾਣੀ, ਜਸਵਿੰਦਰ ਸਿੰਘ, ਕਮਲਪ੍ਰੀਤ ਕੌਰ, ਸੰਦੀਪ ਕੌਰ,ਕਿਰਨ ਬਾਲਾ, ਗੁਰਪ੍ਰੀਤ ਸਿੰਘ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਜਾਤਪਾਤ ਦਾ ਮਸਲਾ ਅਤੇ ਹੱਲ ਵਿਸ਼ੇ ਤੇ ਸੈਮੀਨਾਰ ਦਾ ਕੀਤਾ ਆਯੋਜਿਤ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਇਕਾਈ ਫਗਵਾੜਾ ਵਲੋਂ ਬਲੱਡ ਬੈਂਕ ਫਗਵਾੜਾ ਵਿਖੇ 'ਜਾਤਪਾਤ ਦਾ ਮਸਲਾ ਅਤੇ ਹੱਲ' ਵਿਸ਼ੇ ਉਤੇ ਸੈਮੀਨਾਰ ਕਰਵਾਇਆ ਗਿਆ । ਸੈਮੀਨਾਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਰਹੇ ਡਾ ਜਤਿੰਦਰ ਸਿੰਘ ਨੇ ਪਰਚਾ ਪੜ੍ਹਿਆ । ਵਕਤਾ ਨੇ ਜ਼ੋਰ ਦੇਕੇ ਕਿਹਾ ਕਿ ਜਾਤ ਪਾਤ ਇਕ ਗੁੰਝਲਦਾਰ ਮਸਲਾ ਹੈ ਅਤੇ ਇਸ ਦੇ ਲਾਗੂ ਰੂਪ ਨੂੰ ਸਮਝਣਾ ਔਖਾ ਨਹੀਂ ਪਰ ਇਸ ਦਾ ਹੱਲ ਕਰਨਾ ਵੀ ਇੱਕ ਗੁੰਝਲ ਹੈ । ਉਨਾਂ ਕਿਹਾ ਕਿ ਇਸ ਗੁੰਝਲ ਦਾ ਹੱਲ ਕਰਨ ਲਈ ਜ਼ਰੂਰੀ ਹੈ ਕਿ ਅਸੀ ਜਾਤ ਪਾਤ ਦੀ ਜੜ ਨੂੰ ਸਮਝੀਏ ਅਤੇ ਮਨੁੱਖਤਾ ਦੇ ਸਾਂਝੇ ਹਿਤਾਂ ਤੇ ਜਾਤਪਾਤ ਦੇ ਖਾਤਮੇ ਲਈ ਵੱਡਾ ਯਤਨ ਕਰੀਏ । ਇਹ ਤਰਾਸਦੀ ਹੈ ਕਿ ਦੇਸ਼ ਦੀ ਅਜਾਦੀ ਦੇ 70 -75 ਸਾਲ ਬਾਦ ਵੀ ਜਾਤਪਾਤ ਕਾਇਮ ਹੀ ਨਹੀਂ ਹੈ ਸਗੋਂ ਪਹਿਲਾਂ ਤੋਂ ਵੀ ਭਿਆਨਕ ਰੂਪ ਵਿੱਚ ਮਾਨਸਿਕ ਵਿਗਾੜ ਦੇ ਰੂਪ ਚ ਗਹਿਰਾਈ ਤੱਕ ਪਹੁੰਚ ਗਈ ਹੈ। ਜਾਤਪਾਤ ਨੂੰ ਉਚਿਆਉਂਦੇ ਗੀਤ ਗਾਏ ਜਾ ਰਹੇ ਹਨ ਅਤੇ ਅੰਤਰ ਜਾਤੀ ਪ੍ਰੇਮ ਵਿਆਹ ਕਰਨ ਵਾਲੇ ਜੋੜਿਆਂ ਦੇ ਅਨੇਕਾਂ ਕਤਲ ਦੇਸ਼ ਵਿੱਚ ਹੋਏ ਹਨ । ਭਾਵੇਂ ਪੰਜਾਬ ਵਰਗੀ ਥਾਂ ਉਤੇ ਅਛੂਤ ਵਾਲੀ ਗੱਲ ਸਿਧੇ ਰੂਪ ਚ ਦਿਸ ਨਹੀਂ ਰਹੀ ਪਰ ਮਾਨਸਿਕ ਰੂਪ ਚ ਜਾਤਪਾਤ ਨੌਕਰੀ ਪੇਸ਼ਾ , ਮਿਹਨਤ ਮੁਸ਼ਕਤ , ਆਮ ਬੋਲਚਾਲ ਦੇ ਸ਼ਬਦਾਂ , ਸਾਧਨਹੀਣਤਾ ਅਤੇ ਸਿਖਿਆ ਦੇ ਉਪਰਲੇ ਪੱਧਰ ਤੱਕ ਦੇ ਅਦਾਰਿਆਂ ਤੱਕ ਮੌਜੂਦ ਹੈ । ਸੈਮੀਨਾਰ ਵਿੱਚ ਸ਼ਾਮਲ ਹਾਜਰੀਨ ਵਲੋਂ ਪਰਚੇ ਉਤੇ ਕਾਫੀ ਸਵਾਲ ਕੀਤੇ ਅਤੇ ਡਾ ਜਤਿੰਦਰ ਸਿੰਘ ਨੇ ਸਵਾਲਾਂ ਦੇ ਜਵਾਬ ਦਿੱਤੇ । ਸੈਮੀਨਾਰ ਨੂੰ ਜਸਵਿੰਦਰ ਸਿੰਘ ਸੂਬਾ ਕਮੇਟੀ ਮੈਂਬਰ ਤਰਕਸ਼ੀਲ ਸੁਸਾਇਟੀ , ਸੁਖਦੇਵ ਸਿੰਘ ਜੋਨ ਕਮੇਟੀ ਮੈਂਬਰ , ਐਡਵੋਕੇਟ ਡਾ ਐਸ ਐਲ ਵਿਰਦੀ , ਸੁਰਿੰਦਰਪਾਲ ਪੱਧੀ ਜਗੀਰ ਅਤੇ ਬਲਵਿੰਦਰ ਪ੍ਰੀਤ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਜਾਤਪਾਤ ਸਮਾਜ ਦੀ ਜਾਤੀ ਦਰਜਾਬੰਦੀ ਹੈ ਜੋ ਕਿ ਅੰਤਰ ਜਾਤੀ ਵਿਆਹ ਸ਼ਾਦੀ ਨੂੰ ਰੋਕਦੀ ਹੈ ਅਤੇ ਕਿਰਤੀ ਲੋਕਾਂ ਦੀ ਏਕਤਾ ਦੇ ਰਾਹ ਵਿੱਚ ਵੱਡਾ ਰੋੜਾ ਹੈ । ਸਾਨੂੰ ਜਾਤਪਾਤ ਦੇ ਖਾਤਮੇ ਲਈ ਠੋਸ ਪਲੈਨਿੰਗ ਬਣਾ ਕੇ ਇਸ ਮੁੱਦੇ ਉਤੇ ਕੰਮ ਕਰਨ ਦੀ ਲੋੜ ਹੈ ਅਤੇ ਜਾਤਪਾਤ ਦੇ ਖਾਤਮੇ ਲਈ ਸਾਨੂੰ ਲਗਾਤਾਰ ਗਿਆਨ ਭਰਭੂਰ ਚਰਚਾ ਤੇ ਸੰਘਰਸ਼ ਕਰਨਾ ਹੋਵੇਗਾ । ਸੈਮੀਨਾਰ ਵਿੱਚ ਵਿਸ਼ੇਸ਼ ਤੌਰ ਤੇ ਐਡਵੋਕੇਟ ਅਮਰਜੀਤ , ਸਾਥੀ ਬਲਵੀਰ ਦੌਸਾਂਝ , ਕੁਲਵੰਤ ਸਿੰਘ ਬਾਸੀ , ਅਵਿਨਾਸ਼ ਹਰਦਾਸਪੁਰ, ਰੁਪਿੰਦਰ ਸਿੰਘ ਬੜਾ ਪਿੰਡ , ਮਹਿੰਦਰ ਸਿੰਘ ਟਿੱਬੀ , ਮਾ ਗੁਰਮੁੱਖ ਸਿੰਘ, ਸੂਬੇਦਾਰ ਪਰਮਜੀਤ ਸਿੰਘ, ਸ ਅਵਤਾਰ ਸਿੰਘ , ਕੁਲਵੰਤ ਸਿੰਘ ਭਿੰਡਰ, ਮਾ ਰਾਜ ਕਮਾਰ ਅਤੇ ਪਰਵਾਰ, ਡਾ ਸੁੱਚਾ ਰਾਮ , ਰਵਿੰਦਰ ਚੋਟ, ਕੁਲਵੰਤ ਸਿੰਘ ਬਾਸੀ , ਕੁਲਦੀਪ ਸਿੰਘ ਕੌੜਾ , ਐਡਵੋਕੇਟ ਅਮਰਜੀਤ ਸਿੰਘ , ਪਰੋਫੈਸਰ ਕੁਲਬੀਰ ਕੌਰ, ਡਾ ਜੁਗਿੰਦਰ ਕੁਲੇਵਾਲ, ਡਾ ਮੰਗਤ ਰਾਏ, ਪਰਮਜੀਤ ਜਲੰਧਰ, ਚਰਨ ਦਾਸ, ਸਤਪਾਲ ਸਲੋਹ , ਮਾ ਜਗਦੀਸ਼ , ਪ੍ਰਿੰ. ਗੁਰਮੀਤ ਪਲਾਹੀ , ਮਾ ਕਰਨੈਲ ਸਿੰਘ ਸੰਧੂ , ਪ੍ਰਿੰ.ਕੇਵਲ ਸਿੰਘ , ਮਾ ਸਤੀਸ਼, ਘਣਸ਼ਾਮ , ਮਾ ਹੰਸ ਰਾਜ ਬੰਗੜ , ਮਾ ਗੁਰਮੀਤ ਸਿੰਘ, ਐਡਵੋਕੇਟ ਐਸ.ਐਲ. ਵਿਰਦੀ, ਮੈਡਮ ਬੰਸੋ ਦੇਵੀ , ਮਾ ਮਲਕੀਤ ਸਿੰਘ, ਸੁਰਜੀਤ ਟਿੱਬਾ , ਸਤਬੀਰ ਟਿਬਾ, ਸ ਜਰਨੈਲ ਸਿੰਘ (ਸਾਬਕਾ ਜਿਲਾ ਸਿੱਖਿਆ ਅਫਸਰ) , ਨਸੀਬ ਚੰਦ ਜਲੰਧਰ, ਅਸ਼ੋਕ ਕੋਂਟ ਗਰੇਵਾਲ, ਸੁਰਿੰਦਰ ਵਿਰਦੀ (ਤਰਕਸ਼ੀਲ ਆਗੂ ਇੰਗਲੈਂਡ), ਸੀਤਲ ਰਾਮ ਬੰਗਾ, ਗੁਰਮੁਖ ਸਿੰਘ ਲੋਕ ਪ੍ਰੇਮੀ , ਮੋਹਣ ਸਿੰਘ , ਗੁਰਮੀਤ , ਡਾ ਪ੍ਰਕਾਸ਼ ਮੱਰੀਆ, ਰਾਮ ਆਸਰਾ ਇੰਦਣਾ ਕਲਾਸਕੇ, ਹਰਮੇਸ਼ ਬੰਗਾ, ਕਾਮਰੇਡ ਜਗੀਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਵੀ ਸ਼ਾਮਲ ਹੋਏ।

# ਸੌ ਫ਼ੀਸਦੀ ਸਾਖ਼ਰਤਾ ਲਈ ਸਾਂਝੇ ਯਤਨ ਕਰਨ ਦੀ ਲੋੜ -ਕਮਲਪ੍ਰੀਤ ਕੌਰ



## ਸਾਖ਼ਰਤਾ ਜਾਗਰੂਕਤਾ ਰੈਲੀ ਕੱਢੀ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਆਪਣੇ ਦੇਸ਼ ਨੂੰ ਸੌ ਫ਼ੀਸਦੀ ਸਾਖ਼ਰ ਬਣਾਉਣ ਲਈ ਸਾਨੂੰ ਸਾਰਿਆਂ ਸਾਂਝੇ ਯਤਨ ਕਰਨੇ ਚਾਹੀਦੇ ਹਨ। ਦੇਸ਼ ਅਤੇ ਪੰਜਾਬ ਰਾਜ ਦੀ ਸਾਖ਼ਰਤਾ ਦਰ ਵਧਾਉਣ ਅਤੇ ਜਾਗਰੂਕਤਾ ਫੈਲਾਉਣ ਲਈ ਇੱਕ ਤੋਂ ਅੱਠ ਸਤੰਬਰ ਤੱਕ ਸਾਖ਼ਰਤਾ ਸਪਤਾਹ ਮਨਾਇਆ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ ਵਿਖੇ ਸਾਖ਼ਰਤਾ ਜਾਗਰੂਕਤਾ ਰੈਲੀ ਦੌਰਾਨ ਕੋਆਰਡੀਨੇਟਰ ਕਮਲਪ੍ਰੀਤ ਕੌਰ ਅਤੇ ਰਣਜੀਤ ਸਿੰਘ ਨੇ ਕੀਤਾ। ਰੈਲੀ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿੱਚ ਸਲੋਗਨ ਅਤੇ ਤਖ਼ਤੀਆਂ ਫੜ ਕੇ ਘਰ -ਘਰ ਸਾਖ਼ਰਤਾ ਮੁਹਿੰਮ ਨੂੰ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਮੈਡਮ ਕਮਲੇਸ਼ ਕੁਮਾਰੀ, ਜਸਵਿੰਦਰ ਸਿੰਘ, ਅਮਰਜੀਤ ਕੌਰ, ਅਰਜਨਜੀਤ ਸਿੰਘ,ਕਿਰਨ ਬਾਲਾ,ਅਮਨਪ੍ਰੀਤ ਕੌਰ, ਸੰਦੀਪ ਕੌਰ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਗੌਰਵ ਸ਼ਰਮਾ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਆਸਰਾ ਫਾਊਂਡੇਸ਼ਨ ਵਲੋਂ ਕਰਵਾਇਆ "ਇਕ ਸ਼ਾਮ ਗ਼ਜ਼ਲ ਦੇ ਨਾਮ ਪ੍ਰੋਗਰਾਮ ਯਾਦਗਾਰ ਹੋ ਨਿਬੜਿਆ



ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਆਸਰਾ ਫਾਊਂਡੇਸ਼ਨ(ਰਜਿ:) ਸ਼੍ਰੀ ਅਨੰਦਪੁਰ ਸਾਹਿਬ ਵਲੋਂ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਕਰਵਾਇਆ ਗਿਆ ਸੰਗੀਤਕ ਪ੍ਰੋਗਰਾਮ "ਇਕ ਸ਼ਾਮ ਗ਼ਜ਼ਲ ਦੇ ਨਾਮ ਯਾਦਗਾਰ ਹੋ ਨਿੱਬੜਿਆ। ਸਥਾਨਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਵਿਖੇ ਕਰਵਾਏ ਗਏ ਗ਼ਜ਼ਲ ਪ੍ਰੋਗਰਾਮ ਵਿਚ ਜਿਥੇ ਪ੍ਰਸਿੱਧ ਗ਼ਜ਼ਲ ਗਾਇਕ ਸੁਨੀਲ ਡੋਗਰਾ ਨੇ ਗ਼ਜ਼ਲਾਂ ਦੀ ਛਹਿਬਰ ਲਗਾਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ ਉਥੇ ਹੀ ਡਾ. ਸੰਜੀਵ ਗੌਤਮ (ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ) ਵੱਲੋਂ ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵੱਜੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਡਾ. ਸੰਜੀਵ ਗੌਤਮ ਨੇ ਜਿਥੇ ਆਸਰਾ ਫਾਊਂਡੇਸ਼ਨ ਵਲੋਂ ਕੀਤੇ ਜਾਂਦੇ ਵਾਤਾਵਰਣ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ ਉਥੇ ਹੀ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਨੂੰ ਸਰਕਾਰੀ ਫੰਡ ਵਿਚੋਂ 1 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਸੁਨੀਲ ਡੋਗਰਾ ਦੀ ਬੇਟੀ ਹਰਸ਼ਿਤਾ ਡੋਗਰਿਆਂ ਵਲੋਂ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਜੈ ਸਿੰਘ ਛਿੱਬਰ (ਚੇਅਰਮੈਨ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ) ਵਲੋਂ ਵੀ ਵਾਤਾਵਰਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ ਉਥੇ ਹੀ ਅਫਰੀਕਾ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲਿਮੰਜਾਰੋ ਨੂੰ ਸਰ ਕਾਰਨ ਵਾਲਾ 5 ਸਾਲਾਂ ਪਰਬਤਰੋਹੀ ਤੇਗਬੀਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਡਾ. ਸੰਜੀਵ ਗੌਤਮ(ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ), ਸ਼੍ਰੀ ਦੀਪਕ ਸੋਨੀ (ਮੀਡੀਆ ਕੁਆਰਡੀਨੇਟਰ ਸਿਖਿਆ ਮੰਤਰੀ ਪੰਜਾਬ), ਜੈ ਸਿੰਘ ਛਿੱਬਰ (ਚੇਅਰਮੈਨ ਪੰਜਾਬ, ਚੰਡੀਗੜ੍ਹ ਜਰਨਲਿਸਟ ਯੂਨੀਅਨ) ਅਤੇ ਹਰਸ਼ਿਤਾ ਡੋਗਰਾ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੌਰਾਨ ਪ੍ਰਸਿੱਧ ਐਂਕਰ ਰਾਜ ਘਈ ਵੱਲੋਂ ਮੰਚ ਦਾ ਸੰਚਾਲਨ ਬਾਖ਼ੂਬੀ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਦੇ ਲਈ ਦਵਿੰਦਰਪਾਲ ਸਿੰਘ (ਪ੍ਰਧਾਨ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ), ਮਾ. ਸੰਜੀਵ ਧਰਮਾਣੀ (ਪ੍ਰਧਾਨ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ), ਸੁਰਜੀਤ ਸਿੰਘ ਰਾਣਾ (ਐਮ ਡੀ ਸਕਾਈਲਾਰਕ ਇਮੀਗ੍ਰੇਸ਼ਨ), ਹਰਪ੍ਰੀਤ ਸਿੰਘ ਬੇਦੀ (ਬੇਦੀ ਗਾਰਮੈਂਟਸ ਸ੍ਰੀ ਅਨੰਦਪੁਰ ਸਾਹਿਬ), ਸਰਬਜੀਤ ਸਿੰਘ ਰੈਣੂ (ਜਿਲ੍ਹਾ ਪ੍ਰਧਾਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ) ਅਤੇ ਆਸਰਾ ਫਾਊਂਡੇਸ਼ਨ ਦੀ ਸਮੁੱਚੀ ਟੀਮ ਵਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਡਾ. ਅਮਿਤੋਜ ਸਿੰਘ ਡਾਇਰੈਕਟਰ ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ, ਪ੍ਰਿੰਸੀਪਲ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਡਾਕਟਰ ਨਿਰਮਲਾ ਗੌਤਮ, ਪ੍ਰਿੰ: ਰਜਿੰਦਰ ਕਿਸਾਨਾਂ ਡਾਇਰੈਕਟਰ ਬਾਬਾ ਗੁਰਦਿੱਤਾ ਪਬਲਿਕ ਸਕੂਲ ਡੁਮੇਵਾਲ, ਡਾ. ਜੀ ਪੀ ਸਿੰਘ MD ayurvedic, ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ, ਆਤਮਾ ਸਿੰਘ ਘਟੀਵਾਲ, ਮਹਿੰਦਰਮੋਹਨ ਸਿੰਘ (ਪ੍ਰਧਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ), ਪ੍ਰਿਤਪਾਲ ਸਿੰਘ ਗੰਡਾ ਪ੍ਰਧਾਨ ਵਪਾਰ ਮੰਡਲ, ਸ਼ਰਨਜੀਤ ਬੈਂਸ (ਸੀ ਈ ਓ ਆਰ-19 ਨਿਊਜ਼ ਟੀਵੀ), ਡਾ. ਹਰਸ਼ਤਾ ਮਹਾਜਨ, ਭੁਪਿੰਦਰ ਸਿੰਘ ਚਾਨਾ, ਰਣ ਬਹਾਦਰ, ਮਨੀ ਲਾਲ ਹੰਸ ਬੀ.ਓ, ਸੁਖਿੰਦਰ ਸਿੰਘ, ਰਣਜੀਤ ਸਿੰਘ, ਦਲੀਪ ਹੰਸ ਚੇਅਰਮੈਨ ਹੈਲਫ ਫਾਊਂਡੇਸ਼ਨ, ਹਰਦੀਪ ਸਿੰਘ ਢੀਂਡਸਾ ਸੀਨੀਅਰ ਪੱਤਰਕਾਰ, ਈਸ਼ਵਰ ਜੋਤੀ ਕੁਵਰ, ਹਿਮਾਲਿਆ ਸਿੰਘ, ਮੈਡਮ ਅੰਜੂ ਬਾਲਾ, ਮੈਡਮ ਸੋਨੀਆ ਸ਼ਰਮਾ, ਅਮਰ ਸੋਢੀ ਚਿਸਲਰ ਫਿਟਨੈਸ ਕਲੱਬ, ਸਾਈ ਪਰਵੇਸ਼ ਸ਼ਾਹ, ਲੈਕ ਦਇਆ ਸਿੰਘ ਸੰਧੂ, ਚਰਨ ਸਿੰਘ ਬਾਸੋਵਾਲ, ਚਰਨਜੀਤ ਸਿੰਘ ਸੈਣੀ, ਕੁਲਤਾਰ ਸਿੰਘ ਮੀਆਂਪੁਰੀ ਡੀ.ਪੀ.ਆਰ.ਓ, ਐਡ. ਜਗਵੰਤ ਸਿੰਘ ਮੀਆਂਪੁਰੀ, ਸ਼ਮਸ਼ੇਰ ਸਿੰਘ ਲਖੇੜ, ਸੂਬੇਦਾਰ ਰਾਜਪਾਲ ਮੋਹੀਵਾਲ, ਮਾਸਟਰ ਸੇਵਾ ਸਿੰਘ, ਡਾ. ਸੁਦਰਸ਼ਨ, ਬਘੇਲ ਬਾਵਾ, ਮਨਿੰਦਰਪਾਲ ਸਿੰਘ ਮਨੀ, ਹਰਪ੍ਰੀਤ ਸਿੰਘ, ਰਣਵੀਰ ਸਿੰਘ ਸੈਣੀ, ਮਨਪ੍ਰੀਤ ਸਿੰਘ, ਵਿਜੇਂਦਰ ਸਿੰਘ, ਸ਼ੁਭਮ ਰਾਠੌਰ, ਬੀਬੀ ਸੁਰਿੰਦਰਪਾਲ ਕੌਰ, ਧਨਵੰਤ ਕੌਰ, ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ, ਬਲਜੀਤ ਸਿੰਘ ਚਾਨਾ, ਬਲਵਿੰਦਰ ਸਿੰਘ ਲੋਦੀਪੁਰ, ਜਗਦੇਵ ਸਿੰਘ ਦਿਲਬਰ, ਅਮਰੀਕ ਸਿੰਘ ਪੰਮੀ, ਸੇਵਾ ਸਿੰਘ, ਹਰਿੰਦਰ ਸਿੰਘ ਵਾਲੀਆ, ਕੰਵਲਜੋਤ ਸਿੰਘ, ਰਾਜ ਕੁਮਾਰ, ਚੁਵੇਸ਼ ਲਟਾਵਾ, ਵਿਮਲ ਸ਼ਰਮਾ, ਰਾਜੂ ਧੀਮਾਨ, ਆਸਰਾ ਫਾਊਂਡੇਸ਼ਨ ਤੋਂ ਨਵੀਨ ਕੁਮਾਰ, ਅੰਕੁਸ਼ ਕੁਮਾਰ, ਸਤਿੰਦਰਪਾਲ ਸਿੰਘ, ਜਸਦੀਪ ਧਾਰੀਵਾਲ, ਫੈਸਲ ਖਾਨ, ਦੁਰੋਹੀਨ ਘਈ, ਧੀਰਜ ਡੋਗਰਾ, ਧੀਰਜ ਘਈ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਭਾਜਪਾ ਜ਼ਿਲ੍ਹਾ ਯੁਵਾ ਮੋਰਚਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਖ਼ੂਨਦਾਨ ਕੈਂਪ ਅੱਜ- : ਐਡਵੋਕੇਟ ਅਮਨ ਕਾਬੜਵਾਲ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਜਨਮ ਦਿਨ ਮੌਕੇ ਭਾਜਪਾ ਜ਼ਿਲ੍ਹਾ ਯੂਥ ਮੋਰਚਾ ਵੱਲੋਂ ਅੱਜ ਪੀਰ ਬਾਬਾ ਜ਼ਿੰਦਾ ਸ਼ਹੀਦ ਅਸਥਾਨ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਯੁਵਾ ਮੋਰਚਾ ਦੇ ਪ੍ਰਧਾਨ ਅਮਨ ਕਾਬੜਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਖ਼ੂਨਦਾਨ ਇਕ ਨੇਕ ਸੇਵਾ ਹੈ ਜੋ ਕਿਸੇ ਦੀ ਜਾਨ ਬਚਾ ਸਕਦੀ ਹੈ। ਸਾਡੇ ਯੁਵਾ ਮੋਰਚਾ ਦੇ ਮੈਂਬਰ ਇਸ ਸੇਵਾ ਵਿੱਚ ਹਮੇਸ਼ਾ ਤਿਆਰ ਹਨ। ਖ਼ੂਨਦਾਨ ਕਰਕੇ ਅਸੀਂ ਨਾ ਸਿਰਫ ਕਿਸੇ ਦੀ ਜਾਨ ਬਚਾ ਸਕਦੇ ਹਾਂ ਬਲਕਿ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਵੀ ਨਿਭਾ ਸਕਦੇ ਹਾਂ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਵਿੱਚ ਹਿੱਸਾ ਲੈਣ ਅਤੇ ਖ਼ੂਨਦਾਨ ਕਰਨ।

# ਸੀਵਰੇਜ਼ ਦੇ ਗੰਦਾ ਪਾਣੀ ਦੀ ਸਮੱਸਿਆ ਨੂੰ ਲੈ ਕੇ ਕਲੋਨੀ ਨਿਵਾਸੀਆਂ ਨੇ ਐਸ.ਡੀ.ਐਮ ਖਰੜ ਨੂੰ ਦਿੱਤਾ ਮੰਗ ਪੱਤਰ



ਖਰੜ, (ਕਾਲਾ ਸਿੰਘ ਸੈਣੀ ):- ਗੁੱਗਾ ਮਾੜੀ ਕਲੋਨੀ ਖਰੜ ਵਿਚ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋ ਕੇ ਘਰਾਂ ਵਿਚ ਵਾਪਸ ਆਉਣ ਕਾਰਨ ਕਲੋਨੀ ਨਿਵਾਸੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਨਗਰ ਕੌਸਲ ਖਰੜ ਵਿਚ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਕਲੋਨੀ ਨਿਵਾਸੀਆਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਨਗਰ ਕੌਂਸਲ ਖਰੜ ਦੇ ਸਾਬਕਾ ਮੀਤ ਪ੍ਰਧਾਨ ਅਤੇ ਕਲੋਨੀ ਦੇ ਵਸਨੀਕ ਜੈ ਭਗਵਾਨ ਸਿੰਗਲਾ ਦੀ ਅਗਵਾਈ ਵਿਚ ਐਸ.ਡੀ.ਐਮ.ਖਰੜ ਨੂੰ ਪੱਤਰ ਦਿੱਤਾ ਗਿਆ। ਜਿਸ ਤੇ ਸੁਖਦੇਵ ਸਿੰਘ, ਸੰਜੀਵ ਕੁਮਾਰ, ਰਾਜਵਿੰਦਰ ਕੌਰ, ਚਮਨ ਲਾਲ, ਰਾਜ ਕੌਰ, ਰਮੇਸ਼ ਸ਼ਰਮਾ, ਅਸਵਨੀ ਕੁਮਾਰ, ਗੁਰਪ੍ਰੀਤ ਕੌਰ, ਪ੍ਰੀਤਮ ਸਿੰਘ, ਆਸ਼ਾ ਬਾਂਸਲ,ਬਲਜੀਤ ਕੌਰ, ਵਰਿੰਦਰ ਕੌਰ, ਸੁਖਪ੍ਰੀਤ ਕੌਰ, ਵੇਦ ਸ਼ਾਮ, ਟੀ.ਆਰ.ਸ਼ਰਮਾ, ਵਰਿੰਦਰ ਕੁਮਾਰ, ਸਵਰਨਜੀਤ ਸਿੰਘ ਸਮੇਤ 90 ਤੋਂ ਵੱਧ ਕਲੋਨੀ ਨਿਵਾਸੀਆਂ ਦੇ ਦਸਤਖਤ ਹਨ। ਉਨਾਂ ਦਸਿਆ ਕਿ ਗੁੱਗਾ ਮਾੜੀ ਕਲੋਨੀ ਨੇੜੇ 100 ਦੇ ਲਗਭੱਗ ਘਰ ਹਨ ਜਿਨਾਂ ਵਿਚ ਨਗਰ ਕੌਸਲ ਖਰੜ ਵਲੋਂ ਸੀਵਰੇਜ, ਪੀਣ ਵਾਲੇ ਪਾਣੀ ਦੀ ਸੁਵਿਧਾ ਦਿੱਤੀ ਜਾਂਦੀ ਹੈ। ਨਗਰ ਕੌਸਲ ਖਰੜ ਵਲੋਂ 20 13 ਵਿਚ ਕਲੋਨੀਆਂ ਦੀਆਂ ਸੜਕਾਂ ਪ੍ਰੀਮਿਕਸ ਵਾਲੀਆਂ ਬਣਾ ਦਿੱਤੀਆਂ ਗਈਆਂ ਸਨ। ਉਸ ਸਮੇਂ ਜੋ ਕਲੋਨੀ ਵਿਚ ਸੀਵਰੇਜ ਦੇ ਮੇਨ ਹੋਲ, ਢੱਕਣ ਸਨ ਉਹ ਸੜਕਾਂ ਦੇ ਥੱਲੇ ਹੀ ਦੱਬਾ ਦਿੱਤੇ ਗਏ ਸਨ। ਉਦੋਂ ਤੋਂ ਲੈ ਕੇ ਹੁਣ ਸਾਲ 2024 ਦੇ ਦੌਰਾਨ ਮੇਨ ਸੀਵਰੇਜ਼ ਦੀ ਕਦੇ ਵੀ ਨਗਰ ਕੌਂਸਲ ਖਰੜ ਵਲੋਂ ਸਫਾਈ ਨਹੀਂ ਕਰਵਾਈ ਗਈ ਜਿਸ ਕਾਰਨ ਥੋਹੜੀ ਜਿਹੀ ਬਾਰਿਸ਼ ਪੈਣ ਕਾਰਨ ਸੀਵਰੇਜ ਦਾ ਗੰਦਾ ਪਾਣੀ ਲੋਕਾਂ ਦੇ ਘਰਾਂ ਵਿਚ ਬੈਕ ਮਾਰਨ ਲੱਗ ਗਿਆ ਜਿਸ ਕਾਰਨ ਕਲੋਨੀ ਵਿਚ ਬਿਮਾਰੀ ਫੈਲਣ ਦਾ ਖੱਦਸ਼ਾ ਬਣਿਆ ਹੋਇਆ ਹੈ। ਉਨਾਂ ਐਸ.ਡੀ.ਐਮ. ਖਰੜ ਨੂੰ ਦਿੱਤੇ ਪੱਤਰ ਵਿਚ ਮੰਗ ਕੀਤੀ ਕਿ ਨਗਰ ਕੌਸਲ ਖਰੜ ਨੂੰ ਹਦਾਇਤਾਂ ਜਾਰੀ ਕਰਕੇ ਕਲੋਨੀ ਦੇ ਸੀਵਰੇਜ਼ ਦੇ ਢੱਕਣ, ਮੇਨ ਹੋਲ ਜੋ ਥੱਲੇ ਦੱਬ ਚੁੱਕੇ ਹਨ ਉਨਾਂ ਨੂੰ ਖੋਲ ਕੇ ਸਫਾਈ ਕਰਵਾਈ ਜਾਵੇ ਅਤੇ ਕਲੋਨੀ ਦੀ ਸਫਾਈ ਕਰਵਾਈ ਜਾਵੇ। ਉਨਾਂ ਦਸਿਆ ਕਿ ਕੌਂਸਲ ਨੇ ਜੋ ਪ੍ਰਾਈਵੇਟ ਕਰਮਚਾਰੀ ਸਫਾਈ ਲਈ ਲਗਾਏ ਹੋਏ ਹਨ ਉਹ ਮਹੀਨੇ ਵਿਚ ਇੱਕ ਜਾਂ ਦੋ ਵਾਰ ਹੀ ਸਫਾਈ ਲਈ ਆਉਦੇ ਹਨ। ਉਨਾਂ ਮੰਗ ਕੀਤੀ ਕਿ ਕਲੋਨੀ ਨਿਵਾਸੀਆਂ ਦੀਆਂ ਇਨਾਂ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।

# ਕਾਨਪੁਰ ਚ ਸਮੂਹਿਕ ਜਬਰ ਜਨਾਹ ਦੀ ਪੀੜਤ ਲੜਕੀ ਦੀ ਹਸਪਤਾਲ ਚ ਮੌਤ ਹੋ ਗਈ

ਕਾਨਪੁਰ (ਸੁਨੀਲ ਬਾਜਪਾਈ) ਅੱਜ ਸੋਮਵਾਰ ਨੂੰ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਹੋਈ ਲੜਕੀ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ।

ਕੁੱਲ ਮਿਲਾ ਕੇ ਲਾਲਸਾ ਦੇ ਦਰਿੰਦੇ ਹਰ ਰੋਜ਼ ਕਿਸੇ ਨਾ ਕਿਸੇ ਲੜਕੀ ਨੂੰ ਆਪਣਾ ਸ਼ਿਕਾਰ ਬਣਾਉਣ ਵਿੱਚ ਕਾਮਯਾਬ ਹੋ ਰਹੇ ਹਨ। ਇਸੇ ਸਿਲਸਿਲੇ ਵਿੱਚ 16 ਦਿਨ ਪਹਿਲਾਂ ਚਾਰ ਅਪਰਾਧੀਆਂ ਦੀ ਹਵਸ ਦਾ ਸ਼ਿਕਾਰ ਹੋਈ ਇੱਕ ਨਾਬਾਲਗ ਲੜਕੀ ਦੀ ਇਲਾਜ ਦੌਰਾਨ ਮੌਤ ਹੋ ਗਈ। ਹੁਣ ਪੁਲਿਸ ਮਾਮਲੇ ਚ ਕਤਲ ਦੀ ਧਾਰਾ ਵਧਾਉਣ ਦੀ ਕਾਰਵਾਈ ਕਰਨ ਚ ਲੱਗੀ ਹੋਈ ਹੈ।

ਇਸ ਸਮੂਹਿਕ ਜਬਰ ਜਨਾਹ ਦੀ ਘਟਨਾ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ ਮਹਾਰਾਜਪੁਰ ਥਾਣਾ ਖੇਤਰ ਦੇ ਪਿੰਡ ਦੇ ਚਾਰ ਨੌਜਵਾਨਾਂ ਨੇ ਉਸ ਨੂੰ ਘਰੋਂ ਖਿੱਚ ਕੇ ਲੈ ਗਏ ਅਤੇ ਉਸ ਨਾਲ ਬੇਰਹਿਮੀ ਨਾਲ ਬਲਾਤਕਾਰ ਕੀਤਾ। ਦੁਖੀ ਹੋ ਕੇ ਉਸ ਨੇ ਜ਼ਹਿਰ ਖਾ ਲਿਆ। ਮ੍ਰਿਤਕ ਦੇ ਕਿਸਾਨ ਪਿਤਾ ਨੇ ਮੌਕੇ ਤੇ ਪਹੁੰਚੀ ਪੁਲਸ ਨੂੰ ਦੱਸਿਆ ਕਿ ਉਸ ਦੀ 14 ਸਾਲਾ ਬੇਟੀ 30 ਅਗਸਤ ਨੂੰ ਘਰ ਦੇ ਵਰਾਂਡੇ ਚ ਪੜ੍ਹ ਰਹੀ ਸੀ। ਉਹ ਆਪਣੀ ਪਤਨੀ ਨਾਲ ਘਰ ਹੀ ਸੀ। ਇਸ ਦੌਰਾਨ ਉਸੇ ਪਿੰਡ ਦੇ ਚਾਰ ਤਾਕਤਵਰ ਨੌਜਵਾਨ ਆਏ। ਉਸ ਨੇ ਆਪਣੀ ਧੀ ਨਾਲ ਗਲਤ ਕੰਮ ਕੀਤਾ




ਸੀ। ਜਿਸ ਤੋਂ ਦੁਖੀ ਉਸ ਦੀ ਬੇਟੀ ਨੇ ਜ਼ਹਿਰੀਲੀ ਚੀਜ਼ ਖਾ ਲਈ। ਇਸ ਤੋਂ ਬਾਅਦ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਸਮੂਹਿਕ ਬਲਾਤਕਾਰ ਦੇ ਚਾਰੋਂ ਮੁਲਜ਼ਮ ਇੱਕ ਹੀ ਪਰਿਵਾਰ ਦੇ ਮੈਂਬਰ ਹਨ। ਪਿੰਡ ਵਿੱਚ ਦੋ ਭਰਾ ਇਸਮਾਈਲ ਅਤੇ ਅਸਲਮ ਰਹਿੰਦੇ ਹਨ। ਦੋ ਭਰਾਵਾਂ ਦੇ ਚਾਰ ਪੁੱਤਰਾਂ ਨੇ ਗੈਂਗਰੇਪ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਮੁਲਜ਼ਮ ਇਰਫਾਨ ਉਰਫ਼ ਕਾਕੂ ਅਤੇ ਇਮਰਾਨ ਅਸਲਮ ਦੇ ਸਕੇ ਭਰਾ ਹਨ। ਰਾਜਾ ਉਰਫ਼ ਇਸਮਾਈਲ ਅਤੇ ਇਜ਼ਰਾਈਲ ਅਸਲੀ ਭਰਾ ਹਨ। ਇਹ ਦੋਵੇਂ ਇਸਮਾਈਲ ਦੇ ਪੁੱਤਰ ਹਨ।

ਡੀਸੀਪੀ ਪੂਰਬੀ ਸ਼ਰਵਣ ਕੁਮਾਰ ਸਿੰਘ ਅਨੁਸਾਰ ਲੜਕੀ ਨਾਲ ਸਮੂਹਿਕ ਜਬਰ ਜਨਾਹ ਕਰਨ ਵਾਲੇ ਚਾਰ ਮੁਲਜ਼ਮਾਂ ਇਰਫਾਨ, ਇਜ਼ਰਾਈਲ, ਰਾਜਾ ਉਰਫ਼ ਇਸਲਾਮ ਅਤੇ ਇਮਰਾਨ ਖ਼ਿਲਾਫ਼ 2 ਸਤੰਬਰ ਨੂੰ ਸਮੂਹਿਕ ਬਲਾਤਕਾਰ ਸਮੇਤ ਗੰਭੀਰ ਧਾਰਾਵਾਂ ਤਹਿਤ ਰਿਪੋਰਟ ਦਰਜ ਕੀਤੀ ਗਈ ਸੀ। ਚਾਰੋਂ ਮੁਲਜ਼ਮਾਂ ਨੂੰ ਜੇਲ੍ਹ ਵੀ ਭੇਜ ਦਿੱਤਾ ਗਿਆ ਹੈ। ਜਲਦੀ ਹੀ ਕੇਸ ਵਿੱਚ ਕਤਲ ਦੀ ਧਾਰਾ ਵੀ ਵਧਾਈ ਜਾਵੇਗੀ। ਇਸ ਸਬੰਧੀ ਲੋੜੀਂਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।

# ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਦਿਵਿਆਂਗਜਨਾਂ ਦੀ ਸਹੂਲਤ ਲਈ ਜਲਦ ਹੀ ਲਗਾਈ ਜਾਵੇਗੀ ਆਸਾਨ ਪਹੁੰਚ ਲਈ ਲਿਫਟ-ਡਾ ਪੱਲਵੀ



ਮਾਲੇਰਕੋਟਲਾ :(ਕਿਮੀ ਅਰੋੜਾ ਅਸਲਮ ਨਾਜ਼) ਅਪਾਹਜ ਵਿਅਕਤੀਆਂ ਦੇ ਅਧਿਕਾਰ ਐਕਟ, 2016 ਦੇ ਅਨੁਸਾਰ ਜ਼ਿਲ੍ਹਾ ਪ੍ਰਸਾਸ਼ਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਅਸਮਰਥ ਵਿਅਕਤੀਆਂ ਨੂੰ ਨਿਆਂ ਤੱਕ ਬਰਾਬਰ ਪਹੁੰਚ ਹੋਵੇ। ਦਿਵਿਆਂਗਜਨਾਂ ਦੀ ਸ਼ਮੂਲੀਅਤ ਅਤੇ ਪਹੁੰਚ ਯੋਗਤਾ ਨੂੰ ਉਤਸ਼ਾਹਿਤ ਕਰਨ ਲਈ, ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਦਿਵਿਆਂਗਜਨਾਂ ਦੀ ਸਹੂਲਤ ਲਈ ਵੱਖ ਵੱਖ ਤਰ੍ਹਾਂ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਸਥਾਨਕ ਅਦਾਲਤੀ ਕੰਪਲੈਕਸ ਵਿਖੇ ਸਾਰਿਆਂ ਲਈ ਇੱਕ ਸਹਾਇਕ ਮਾਹੌਲ ਤਿਆਰ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਨਿਆਇਕ ਪ੍ਰਕਿਰਿਆ ਵਿੱਚ ਸਨਮਾਨਜਨਕ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਅਪਾਹਜ ਵਿਅਕਤੀਆਂ ਦੇ ਅਧਿਕਾਰ ਐਕਟ, 2016 ਤਹਿਤ ਅਦਾਲਤੀ ਕੰਪਲੈਕਸ ਵਿਖੇ ਦਿਵਿਆਂਗਜਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਦੀ ਸਮੀਖਿਆ ਕਰਨ ਲਈ ਉੱਚ ਪੱਧਰੀ ਅਧਿਕਾਰੀਆਂ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਮਾਲੇਰਕੋਟਲਾ ਇੰਜ. ਗੁਰਵਿੰਦਰ ਸਿੰਘ ਢੀਂਡਸਾ, ਐਸ.ਡੀ.ਓ (ਪੀ. ਡਬਲਿਊ ਡੀ) ਬਲਰਾਜ ਸਿੰਘ ਹਾਜਰ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲਦੀ ਹੀ ਜ਼ਿਲ੍ਹਾ ਅਦਾਲਤੀ ਕੰਪਲੈਕਸਾਂ ਵਿਖੇ ਦਿਵਿਆਂਗਜਨਾਂ ਦੀ ਸਹੂਲਤ ਲਈ ਆਸਾਨ ਪਹੁੰਚ ਲਈ ਐਲੀਵੇਟਰ (ਲਿਫਟ) ਦੀ ਸੁਵਿਧਾ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਇਸ ਸਬੰਧੀ ਉਪਚਾਰੀਕਤਾਵਾਂ ਆਰੰਭੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਆਧੁਨਿਕ ਸੁਵਿਧਾਵਾਂ ਨਾਲ ਇਹ ਲਿਫਟ ਲੈਸ ਹੋਵੇਗੀ। ਉਨ੍ਹਾਂ ਹਦਾਇਤ ਕੀਤੀ ਕਿ ਅਦਾਲਤੀ ਕੰਪਲੈਕਸ ਦੀਆਂ ਮੰਜ਼ਿਲਾਂ ਦੇ ਵਿਚਕਾਰ, ਪ੍ਰਵੇਸ਼ ਦੁਆਰਾਂ ਤੋਂ ਲੈ ਕੇ ਸਮੁੱਚੀ ਇਮਾਰਤ ਵਿੱਚ ਆਸਾਨੀ ਨਾਲ ਨੈਵੀਗੇਟ ਵਾਲੇ ਪਾਥ ਦਾ ਨਿਰਮਾਣ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਅਦਾਲਤੀ ਕੰਪਲੈਕਸ ਦੇ ਅੰਦਰ ਕਚਹਿਰੀ ਕਮਰਿਆਂ ਅਤੇ ਹੋਰ ਖੇਤਰਾਂ ਤੱਕ ਵ੍ਹੀਲਚੇਅਰ ਦੀ ਪਹੁੰਚ ਨੂੰ ਯਕੀਨੀ ਬਣਾਉਣ ਵਾਲੇ ਪਾਥ ਦੀ ਉਸਾਰੀ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਿਵਿਆਂਗਜਨਾਂ ਦੇ ਅਨੁਕੂਲ ਪਖਾਨਿਆਂ ਦੀ ਸੁਵਿਧਾ ਦਿੱਤੀ ਜਾਵੇ ਜ਼ਿਨ੍ਹਾਂ ਵਿੱਚ ਚੌੜੇ ਦਰਵਾਜ਼ੇ, ਗ੍ਰੈਬ ਬਾਰ, ਗੈਰ-ਸਲਿਪ ਫਲੋਰਿੰਗ, ਅਤੇ ਵ੍ਹੀਲਚੇਅਰ ਉਪਭੋਗਤਾਵਾਂ ਲਈ ਲੋੜੀਂਦੀ ਜਗ੍ਹਾ ਦੇ ਨਾਲ ਤਿਆਰ ਕੀਤੇ ਜਾਣ ਅਤੇ ਸਹੀ ਸੰਕੇਤ ਪਛਾਣ ਲਗਾਏ ਜਾਣ। ਇਸ ਤੋਂ ਇਲਾਵਾ ਉਨ੍ਹਾਂ ਅਪਾਹਜ ਵਿਅਕਤੀਆਂ ਲਈ ਰਾਖਵੀਂ ਪਾਰਕਿੰਗ ਦਾ ਪ੍ਰਬੰਧ ਕਰਨ ਨੂੰ ਵੀ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਕੰਪਲੈਕਸ ਤੱਕ ਸੁਵਿਧਾਜਨਕ ਪਹੁੰਚ ਹੋ ਸਕੇ। ਇਸ ਤੋਂ ਇਲਾਵਾ ਉਨ੍ਹਾਂ ਦੀ ਸਹੂਲਤ ਲਈ ਬਰੇਲ ਸਾਈਨੇਜ ਅਤੇ ਟੈਕਟਾਇਲ ਮੈਪਸ ਲਗਾਉਣ ਦੀ ਹਦਾਇਤ ਵੀ ਕੀਤੀ।

ਉਨ੍ਹਾਂ ਕਿਹਾ ਕਿ ਅਦਾਲਤੀ ਕੰਪਲੈਕਸ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਲਗਾਤਾਰ ਉਪਰਾਲੇ ਦੀ ਪਹਿਲਕਦਮੀ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਹਰ ਵਿਅਕਤੀ, ਆਪਣੀ ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਨਿਆਂ ਤੱਕ ਪਹੁੰਚ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਵੱਲ ਇੱਕ ਕਦਮ ਹੈ। ਅਪੰਗ ਵਿਅਕਤੀਆਂ ਦੀਆਂ ਵਿਭਿੰਨ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਸਹੂਲਤਾਂ ਨੂੰ ਵਧਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ

# ਮਾਮਲਾ ਸਬਜੀ ਮੰਡੀ ਚ ਚੌਂਕੀਦਾਰੀ ਦੇ ਨਾਮ ਤੇ ਲੱਖਾਂ ਰੁਪਏ ਦੀ ਅਵੈਦ ਕਰਣ ਦਾ




ਲੁਧਿਆਣਾ, (ਸੁਖਚੈਨ ਮਹਿਰਾ) ਬਹਾਦਰ ਕੇ ਰੋਡ ਸਥਿਤ ਨਵੀਂ ਸਬਜ਼ੀ ਮੰਡੀ ਪਹਿਲਾਂ ਵੀ ਕਈ ਵਾਰ ਅਵੈਦ ਵਸੂਲੀਆਂ ਕਾਰਣ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ। ਇਕ ਅਜਿਹਾ ਹੀ ਮੰਡੀ ਦਾ ਨਵਾਂ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਸਬਜੀ ਮੰਡੀ ਅੰਦਰ ਚੌਂਕੀਦਾਰੀ ਕਰਵਾਉਣ ਦੇ ਨਾਮ ਤੇ ਕੁੱਝ ਗੈਰ ਸਰਕਾਰੀ ਵਿਅਕਤੀਆਂ ਵੱਲੋਂ ਰੇਹੜੀ, ਫੜੀ ਧਾਰਕਾਂ ਤੋਂ ਧੱਕੇ ਨਾਲ ਜਬਰਨ ਵਸੂਲੀ ਕੀਤੀ ਜਾ ਰਹੀ ਹੈ। ਮੰਡੀ ਚ ਰੇਹੜੀ,ਫੜੀ ਲਗਾਉਣ ਵਾਲੇ ਕੁਝ ਵਿਅਕਤੀਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਹੈ ਕਿ ਇੱਕ ਫੜੀ ਧਾਰਕ ਤੋਂ ਚੌਂਕੀਦਾਰੀ ਦੇ ਨਾਮ ਤੇ 200 ਰੁਪਏ ਹਰ ਹਫਤੇ ਲਏ ਜਾ ਰਹੇ ਹਨ ਜੇਕਰ ਹਿਸਾਬ ਲਗਾਈਏ ਤਾਂ ਸਾਰੀ ਮੰਡੀ ਵਿੱਚੋਂ ਚੌਂਕੀਦਾਰੀ ਦੇ ਨਾਮ ਤੇ ਲੱਖਾਂ ਰੁਪਏ ਦੇ ਤਕਰੀਬਨ ਹਫਤਾ ਵਸੂਲੀ ਕੀਤੀ ਜਾ ਰਹੀ ਹੈ। ਅਗਰ ਕੋਈ ਵੀ ਵਿਅਕਤੀ ਚੌਂਕੀਦਾਰੀ ਦੇ ਨਾਮ ਤੇ ਪੈਸੇ ਦੇਣ ਤੋਂ ਮਨ੍ਹਾ ਕਰਦਾ ਹੈ ਤਦ ਉਸ ਦੇ ਨਾਲ ਕਰਿੰਦੇ ਮਾਰ ਕੁਟਾਈ ਕਰਨ ਲੱਗ ਜਾਂਦੇ ਹਨ। ਸੂਤਰਾਂ ਦੇ ਹਵਾਲੇ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਇਸ ਸਾਰੇ ਗੋਰਖ ਧੰਦੇ ਵਿੱਚ ਮਾਰਕੀਟ ਕਮੇਟੀ ਦੇ ਕੁਝ ਅਧਿਕਾਰੀ ਵੀ ਸ਼ਾਮਲ ਹਨ ਜਿਸ ਕਾਰਨ ਪਰਵਾਸੀ ਰੇਹੜੀ, ਫੜੀ ਧਾਰਕ ਮੰਡੀ ਦੇ ਅਧਿਕਾਰੀਆਂ ਨੂੰ ਆਪਣੀ ਸ਼ਿਕਾਇਤ ਦੇਣ ਤੋਂ ਵੀ ਗੁਰੇਜ ਕਰਦੇ ਹਨ ਜਦ ਮਾਰਕੀਟ ਕਮੇਟੀ ਦੇ ਸਕੱਤਰ ਸੁਭਾਸ਼ ਕੁਮਾਰ ਨਾਲ ਦਫਤਰ ਪਹੁੰਚ ਕੇ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ ਤਦ ਉਹਨਾਂ ਕਿਹਾ ਕਿ ਹੋ ਸਕਦਾ ਹੈ ਕੁਝ ਆੜਤੀਆਂ ਵਲੋਂ ਆਪਣੀ ਦੁਕਾਨਾਂ ਦੇ ਬਾਹਰ ਚੌਂਕੀਦਾਰ ਰੱਖੇ ਹੋਣਗੇ। ਪਰ ਜਦ ਉਹਨਾਂ ਤੋਂ ਸਵਾਲ ਪੁੱਛਿਆ ਕਿ ਰੇਹੜੀ,ਫੜੀ ਧਾਰਕਾਂ ਤੋਂ ਜਬਰਨ ਵਸੂਲੀ ਕੋਈ ਵੀ ਵਿਅਕਤੀ ਕਰ ਸਕਦਾ ਹੈ ਜਾਂ ਨਹੀਂ ਤਦ ਉਨ੍ਹਾਂ ਕਿਹਾ ਕਿ ਇਹ ਸਾਰਾ ਮਾਮਲਾ ਉਹਨਾਂ ਦੇ ਧਿਆਨ ਵਿੱਚ ਨਹੀਂ ਸੀ ਪਰ ਹੁਣ ਇਸ ਮਾਮਲੇ ਦੀ ਜਾਂਚ ਕਰਨ ਉਪਰੰਤ ਜੋ ਵੀ ਵਿਅਕਤੀ ਚੌਂਕੀਦਾਰੀ ਦੇ ਨਾਂ ਤੇ ਪੈਸੇ ਵਸੂਲੇ ਕਰ ਰਹੇ ਹਨ ਉਹਨਾਂ ਉੱਪਰ ਭਿਵਾਗੀ ਕਾਰਵਾਈ ਕੀਤੀ ਜਾਏਗੀ। ਹੁਣ ਦੇਖਣਾ ਹੋਏਗਾ ਕਿ ਮਾਰਕੀਟ ਕਮੇਟੀ ਦੇ ਸਕੱਤਰ ਚੌਂਕੀਦਾਰੀ ਦੇ ਨਾਮ ਤੇ ਅਵੈਦ ਵਸੂਲੀ ਕਰਨ ਵਾਲੇ ਵਿਅਕਤੀਆਂ ਉਪਰ ਭਿਵਾਗੀ ਕਾਰਵਾਈ ਕਰਦੇ ਹਨ ਜਾਂ ਨਹੀਂ।

# ਜਨਮ ਦਿਨ ਦੀਆਂ ਮੁਬਾਰਕਾਂ




ਕੁਦਰਤਦੀਪ ਕੌਰ ਪੁੱਤਰੀ ਜਸਵੀਰ ਸਿੰਘ, ਮਾਤਾ ਗੁਰਦੀਪ ਕੌਰ ਪਿੰਡ ਦੀਦਾਰਗੜ੍ਹ ਦੇ ਪਰਿਵਾਰ ਨੂੰ ਜਨਮਦਿਨ ਦੀਆਂ ਮੁਬਾਰਕਾਂ।

# ਵਧੀਕ ਡਿਪਟੀ ਕਮਿਸ਼ਨਰ ਨੇ ਖੇਡਾਂ ਵਤਨ ਪੰਜਾਬ ਦੀਆਂ-2024 ' ਅਧੀਨ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਪ੍ਰਬੰਧਾਂ ਸਬੰਧੀ ਕੀਤੀ ਵੱਖ-2 ਅਧਿਕਾਰੀਆਂ ਨਾਲ ਮੀਟਿੰਗ

ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼)



ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਭਰ ਵਿਚ ਨੌਜਨਾਵਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਮਾਲੇਰਕੋਟਲਾ ਜ਼ਿਲ੍ਹੇ ਵਿੱਚ 21 ਸਤੰਬਰ ਤੋਂ 24 ਸਤੰਬਰ 2024 ਤੱਕ ਜ਼ਿਲ੍ਹਾ ਪੱਧਰੀ ਤੇ ' ਖੇਡਾਂ ਵਤਨ ਪੰਜਾਬ ਦੀਆਂ --2024 ' ਸੀਜਨ 3 ਅਧੀਨ ਖੇਡ ਮੁਕਾਬਲੇ ਕਰਵਾਏ ਜਾਣਗੇ। ਇਸ ਗੱਲ ਦੀ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਸੁਖਪ੍ਰੀਤ ਸਿੰਘ ਸਿੱਧੂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕਰਵਾਈਆਂ ਜਾਣ ਵਾਲੀਆਂ ਖੇਡਾਂ ਦੀਆਂ ਅਗਾਊਂ ਤਿਆਰੀਆਂ ਨੂੰ ਲੈ ਕੇ ਸੱਦੀ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਉਨ੍ਹਾਂ ਇਸ ਮੌਕੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਉਨ੍ਹਾਂ ਹੋਰ ਦੱਸਿਆ ਕਿ ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਆਗਾਜ 21 ਸਤੰਬਰ 2024 ਨੂੰ ਸਥਾਨਕ ਡਾ ਜ਼ਾਕਿਰ ਹੁਸੈਨ ਖੇਡ ਸਟੇਡੀਅਮ ਤੋਂ ਕੀਤਾ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡ ਮੁਕਾਬਲਿਆਂ ਦੇ ਸ਼ੁਰੂ ਹੋਣ ਤੋਂ ਪਹਿਲਾ ਖੇਡ ਮੈਦਾਨਾਂ ਨੂੰ ਖੇਡਾਂ ਦੇ ਮਿਆਰ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਜਾਵੇ। ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਸਕੂਲਾਂ ਵਿਚ ਕਰਵਾਈਆਂ ਜਾਣ ਵਾਲੀਆਂ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਉੱਤੇ ਹੋਣ ਵਾਲੀਆਂ ਖੇਡਾਂ ਦੇ ਮੱਦੇਨਜ਼ਰ ਸਾਫ਼-ਸਫ਼ਾਈ ਕਰਵਾਉਣ ਨੂੰ ਯਕੀਨੀ ਬਣਾਉਣ ਬਣਾਉਣ ਲਈ ਕਿਹਾ।

ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਡਾਂ ਵਾਲੇ ਸਥਾਨਾਂ ਉੱਤੇ ਐਬੂਲੈਂਸਾਂ ਤੇ ਮੈਡੀਕਲ ਟੀਮਾਂ ਦਾ ਪੁਖਤਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਖੇਡਾਂ ਸਬੰਧੀ ਵਿਦਿਆਰਥੀਆਂ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਵਾਇਆ ਜਾਵੇ।

ਇਸ ਮੌਕੇ ਸ੍ਰੀ ਸਿੱਧੂ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਡਾਂ ਵਾਲੇ ਸਥਾਨਾਂ ਉੱਤੇ ਖ਼ਿਡਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਟ੍ਰੈਫਿਕ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਮੁਲਾਜ਼ਮਾਂ ਦੀਆਂ ਵਿਸ਼ੇਸ ਡਿਊਟੀਆਂ ਲਗਾਈਆਂ ਜਾਣ ਤਾਂ ਜੋ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਜ਼ਿਲ੍ਹਾ ਖੇਡ ਅਫ਼ਸਰ ਨੂੰ ਹਦਾਇਤ ਕੀਤੀ ਕਿ ਖ਼ਿਡਾਰੀਆਂ ਦੀ ਚੰਗੀ ਡਾਈਟ ਅਤੇ ਸਾਫ ਸੁਥਰਾ ਪੀਣ ਯੋਗ ਪਾਣੀ ਆਦਿ ਦੇ ਵੀ ਪੁਖੱਤਾ ਪ੍ਰਬੰਧ ਕੀਤੇ ਜਾਣ। ਕਾਰਜ ਸਾਧਕ ਅਫ਼ਸਰਾਂ ਨੂੰ ਖੇਡ ਮੈਦਾਨਾਂ ਦੀ ਸਾਫ ਸਫਾਈ,ਪਾਖਨਿਆਂ ਦੀ ਸਫਾਈ ਕਰਵਾਉਣ ਦੇ ਆਦੇਸ਼ ਦਿੱਤੇ।

ਇਸ ਮੌਕੇ ਉਪ ਕਪਤਾਨ ਪੁਲਿਸ ਸਬ ਡਵੀਜ਼ਨ ਮਾਲੇਰਕੋਟਲਾ ਸ੍ਰੀ ਕੁਲਦੀਪ ਸਿੰਘ, ਕਾਰਜ ਸਾਧਕ ਅਫ਼ਸਰ ਸ੍ਰੀ ਅਪਰਅਪਾਰ ਸਿੰਘ,ਸਹਾਇਕ ਸਿਵਲ ਸਰਜਨ ਡਾ: ਸਜੀਲਾ ਖਾਨ ,ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਜਸਵਿੰਦਰ ਕੌਰ, ਡੀ.ਐਮ. (ਖੇਡਾਂ) ਰਘੂ ਨੰਦਨ,ਮਾਰਕਿਟ ਕਮੇਟੀ ਤੋਂ ਸ਼੍ਰੀ ਗੁਰਸੇਵਕ ਸਿੰਘ , ਸ਼੍ਰੀ ਹਰਿੰਦਰ ਸਿੰਘ ਟਿਵਾਣਾ ਹਾਜ਼ਰ ਸਨ

# ਸਰਕਾਰ ਆਪ ਦੇ ਦੁਵਾਰ ਕੈਂਪ ਅਠੌਲੀ ਵਿੱਚ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਬੂਥ ਲਗਾਕੇ ਕਿਸਾਨਾਂ ਨੂੰ ਪਰਾਲੀ ਨਾ-ਸਾੜਨ ਦੀ ਕੀਤੀ ਅਪੀਲ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪੰਜਾਬ ਸਰਕਾਰ ਵਲੋ ਸ਼ੁਰੂ ਕੀਤੀ ਗਈ ਸਰਕਾਰ ਆਪ ਦੇ ਦੁਆਰ ਲੜੀ ਤਹਿਤ ਲੋਕ ਸੁਵਿਧਾ ਕੈਂਪ ਪਿੰਡ ਅਠੌਲੀ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਡੀ ਐਮ ਫਗਵਾੜਾ ਜੀ ਦੇ ਹੁਕਮਾਂ ਅਤੇ ਮੁੱਖ ਖੇਤੀਬਾੜੀ ਅਫਸਰ,ਕਪੂਰਥਲਾ ਜੀ ਦੀਆਂ ਸੇਧਾਂ ਅਨੁਸਾਰ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਬੂਥ ਲਗਾਇਆ। ਇਸ ਬੂਥ ਵਿੱਚ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਲੋੜੀਦੀ ਮਸ਼ੀਨਰੀ ਜਿਵੇਂ ਕਿ ਸੁਪਰ ਸੀਡਰ, ਉਲਟਾਵੇਂ ਹੱਲ, ਰੋਟਰੀ ਸਲੈਸ਼ਰ ਆਦਿ ਦੀ ਪ੍ਰਦਰਸ਼ਨੀ ਲਗਾਈ ਗਈ। ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੇ ਪਰਾਲੀ ਪ੍ਰਬੰਧਨ ਮਸ਼ੀਨਾਂ ਵਿੱਚ ਕਾਫੀ ਦਿਲਚਸਪੀ ਦਿਖਾਈ। ਮਾਨਯੋਗ ਸਾਬਕਾ ਕੈਬਨਿਟ ਮੰਤਰੀ ਸ੍ਰੀ ਜੋਗਿੰਦਰ ਸਿੰਘ ਮਾਨ ਤੇ ਐਸ ਡੀ ਐਮ ਫਗਵਾੜਾ ਵਲੋਂ ਸਾਂਝੇ ਤੌਰ ਤੇ ਬੂਥ ਦਾ ਉਦਘਾਟਨ ਕੀਤਾ ਗਿਆ। ਮਾਨ ਸਾਹਿਬ ਵਲੋਂ ਹਾਜਰ ਕਿਸਾਨਾਂ ਦੇ ਰੂਹ ਬਰੂਹ ਹੁੰਦਿਆ ਕਿਹਾ ਕਿ ਸਰਕਾਰ ਵਲੋਂ ਸਹਿਕਾਰੀ ਸਭਾਵਾਂ, ਪੰਚਾਇਤਾਂ ਅਤੇ ਕਿਸਾਨ ਗਰੁੱਪਾਂ ਨੂੰ ਮਸ਼ੀਨਰੀ ਦੀ ਕੁੱਲ ਕੀਮਤ ਦਾ 80% ਸਬਸਿਡੀ ਦੇ ਰੂਪ ਵਿੱਚ ਦਿੱਤਾ ਜਾ ਰਿਹਾ ਹੈ ਅਤੇ ਸਿੰਗਲ ਕਿਸਾਨਾਂ ਨੂੰ 50% ਸਬਸਿਡੀ ਦਿੱਤੀ ਜਾ ਰਹੀ ਹੈ ਜਿਸ ਦਾ ਇਲਾਕੇ ਦੇ ਕਿਸਾਨਾਂ ਨੂੰ ਭਰਭੂਰ ਲਾਭ ਉਠਾਣਾ ਚਾਹੀਦਾ ਹੈ। ਇਸ ਸਕੀਮ ਤਹਿਤ ਹੀ ਅਠਲੀ ਪਿੰਡ ਦੀ ਪੰਚਾਇਤ ਅਤੇ ਸਹਿਕਾਰੀ ਸਭਾ ਵਲੋ ਮਸ਼ੀਨਰੀ ਲਈ ਅਪਲਾਈ ਕੀਤਾ ਗਿਆ ਹੈ। ਪਰਮਜੀਤ ਸਿੰਘ ਮਹੇ ਖੇਤੀਬਾੜੀ ਅਫਸਰ ਨੇ ਸਟੇਜ਼ ਤੋ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਪਰਾਲੀ ਪ੍ਰਬੰਧਨ ਸਕੀਮ ਦਾ ਪੋਰਟਲ agrimachinerypb.com ਕਿਸਾਨਾਂ ਦੀ ਮੰਗ ਤੇ ਸਰਕਾਰ ਵਲੋ ਦੁਬਾਰਾ ਖੋਲਿਆ ਗਿਆ ਜਿਸ ਕਿਸਾਨ ਨੂੰ ਪਰਾਲੀ ਪ੍ਰਬੰਧਨ ਕਰਨ ਲਈ ਮਸ਼ੀਨਰੀ ਦੀ ਲੋੜ ਹੈ ਉਹ ਮਿਤੀ 19-9-2024 ਤੱਕ ਸ਼ਾਮ 5 ਵਜੇ ਤੱਕ ਇਸ ਪੋਰਟਲ ਤੇ ਅਪਲਾਈ ਕਰ ਸਕਦਾ ਹੈ ਅਤੇ 50% ਤੇ ਲੈ ਕੇ 80% ਤੱਕ ਸਬਸਿਡੀ ਪ੍ਰਾਪਤ ਕਰ ਸਕਦਾ ਹੈ। ਉਹਨਾਂ ਕਿਹਾ ਕਿ ਪਰਾਲੀ ਸਾੜਨ ਨਾਲ ਸਾਡੀ ਜਮੀਨ ਦੀ ਉਪਜਾਊ ਸ਼ਕਤੀ ਘੱਟਣ ਦੇ ਨਾਲ ਨਾਲ ਸਾਡਾ ਵਾਤਾਵਰਣ ਵੀ ਪ੍ਰਦੂਸ਼ਤ ਹੁੰਦਾ ਹੈ ਅਤੇ ਬਹੁਤ ਸਾਰੇ ਪਸ਼ੂ, ਪੰਛੀ ਆਦਿ ਪ੍ਰਭਾਵਤ ਹੁੰਦੇ ਹਨ। ਅਖੀਰ ਵਿੱਚ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਖੇਤਾਂ ਵਿੱਚ ਹੀ ਮਿਲਾਉ ਅਤੇ ਆਪਣੇ ਕੀਤਾ ਦੀ ਉਪਜਾਊ ਸ਼ਕਤੀ ਵਧਾਊ ਬੂਥ ਵਿੱਚ ਕਿਸਾਨ ਕੁਲਵਿੰਦਰ ਸਿੰਘ ਸਾਬਕਾ ਸਰਪੰਚ,ਮੇਜਰ ਸਿੰਘ ਪ੍ਰਧਾਨ ਸਹਿਕਾਰੀ ਸਭਾ,ਗੁਰਜੀਤ ਸਿੰਘ,ਹਜ਼ੂਰਾ ਸਿੰਘ,ਸਟੀਫਨ ਸਿੰਘ,ਵਿਜੇ ਕੁਮਾਰ ਸੈਕਟਰੀ ਸਭਾ,ਕਰਮਜੀਤ ਸਿੰਘ,ਮਨਜਿੰਦਰ ਸਿੰਘ,ਅਮਨਦੀਪ ਸਿੰਘ, ਕਰਨੈਲ ਸਿੰਘ, ਬੂਟਾ ਸਿੰਘ ਤੇ ਹਰਬੰਸ ਸਿੰਘ ਆਦਿ ਹਾਜਰ ਆਏ




ਰੋਜ਼ਾਨਾ ਲੋਕ ਬਾਣੀ www.lokbani

# ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਦਿੱਤੀ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ



ਗੁਰਦਾਸਪੁਰ-ਨਵਨੀਤ ਕੁਮਾਰ -
ਅੱਜ ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੈਮੀਨਾਰ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਲਗਾਇਆ ਗਿਆ ਜਿਸ ਵਿੱਚ ਵਿਦੀਆਰਥਣਾ ਤੇ ਸਟਾਫ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਨਾ ਕਰਨ ਬਾਰੇ ਜਾਗਰੂਕ ਕੀਤਾ ਗਿਆ । ਇਸ ਤੋ ਇਲਾਵਾ 16 ਤੋ18ਸਾਲ ਤੱਕ ਦੇ ਬਣਨ ਬਾਰੇ ਡਰਾਈਵਿੰਗ ਲਾਇਸੈਂਸ ਬਾਰੇ ਜਾਗਰੂਕ ਕੀਤਾ। ਉਨ੍ਹਾਂ ਵੱਲੋਂ ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਅਤੇ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ । ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਗਿਆ ਸਾਊਂਡ ਪਿਲਾਉਸਨ ਬਾਰੇ ਦੱਸਿਆ ਗਿਆ ਟੈਫ੍ਰਿਕ ਚਲਾਨਾ ਤੇ ਜੁਰਮਾਨਾ ਬਾਰੇ ਜਾਣਕਾਰੀ ਦਿੱਤੀ ਗਈ ਐਕਸੀਡੈਂਟ ਤੋ ਬਚਣ ਲਈ ਹਮੇਸ਼ਾਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ ਐਂਬੂਲੈਂਸ ਨੂੰ ਪਹਿਲ ਦੇ ਅਧਾਰ ਉੱਪਰ ਰਸਤਾ ਦੇਣ ਲਈ ਪ੍ਰੇਰਿਤ ਕੀਤਾ ਅਤੇ ਹੈਲਪ ਲਾਈਨ ਨੰਬਰ 112,1033,1930 ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਇੰਚਾਰਜ ਟੈ�ਫਿਕ ਐਜੂਕੇਸ਼ਨ ਸੈਲ ਏ ਐਸ ਆਈ ਜਸਵਿੰਦਰ ਸਿੰਘ ਏ ਐਸ ਆਈ ਅਮਨਦੀਪ ਸਿੰਘ ਪ੍ਰਿੰਸੀਪਲ ਬਲਜਿੰਦਰ ਕੌਰ ਲੈਕਚਰਾਰ ਸਤਬੀਰ ਸਿੰਘ ਮੈਡਮ ਅਰਚਨਾ ਠਾਕੁਰ ਸੰਸਾਰ ਸਿੰਘ ਆਦਿ ਨੇ ਹਿੱਸਾ ਲਿਆ ਪ੍ਰਿੰਸੀਪਲ ਮੈਡਮ ਵਲੋਂ ਸੈਮੀਨਾਰ ਲਗਾਉਣ ਤੇ ਟ੍ਰੈਫਿਕ ਕਰਮਚਾਰੀਆਂ ਦਾ ਧੰਨਵਾਦ ਕੀਤਾ ਗਿਆ

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਅਠੌਲੀ ਵਿਖੇ ਲਗਾਇਆ ਸਰਕਾਰ ਆਪ ਕੇ ਦੁਆਰ ਲੜੀ ਤਹਿਤ ਵਿਸ਼ੇਸ਼ ਕੈਂਪ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਆਮ ਲੋਕਾਂ ਨੂੰ ਘਰ ਬੈਠੇ ਸਰਕਾਰੀ ਵਿਭਾਗਾਂ ਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਉਣ ਦੇ ਮਨੋਰਥ ਨਾਲ ਸ਼ੁਰੂ ਕੀਤੀ 'ਸਰਕਾਰ ਆਪ ਕੇ ਦੁਆਰ' ਲੜੀ ਤਹਿਤ ਇਕ ਵਿਸ਼ੇਸ਼ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਅਠੌਲੀ (ਤਹਿ ਫਗਵਾੜਾ) ਵਿਖੇ ਲਗਾਇਆ ਗਿਆ। ਜਿਸ ਦਾ ਉਦਘਾਟਨ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਐੱਸ. ਡੀ.ਐੱਮ. ਫਗਵਾੜਾ ਜਸ਼ਨਜੀਤ ਸਿੰਘ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਕੈਂਪ ਵਿੱਚ ਬਲਜਿੰਦਰ ਸਿੰਘ ਤਹਿਸੀਲਦਾਰ ਫਗਵਾੜਾ, ਰਾਮ ਪਾਲ ਸਿੰਘ ਰਾਣਾ ਬੀ.ਡੀ.ਪੀ.ਓ. ਅਤੇ ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ ਤੋਂ ਇਲਾਵਾ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਹੋਏ। ਇਸ ਤੋਂ ਪਹਿਲਾਂ ਮੁੱਖ ਮਹਿਮਾਨਾਂ ਦਾ ਕੈਂਪ ਵਿੱਚ ਪੁੱਜਣ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਕੈਂਪ ਦੌਰਾਨ ਸਰਕਾਰੀ ਵਿਭਾਗਾਂ ਨਾਲ ਸਬੰਧਤ ਕਰੀਬ 44 ਤਰ੍ਹਾਂ ਦੀਆਂ ਸੁਵਿਧਾਵਾਂ ਦਾ ਲਾਭ ਲੋਕਾਂ ਨੂੰ ਦਿੱਤਾ ਗਿਆ। ਪਿੰਡ ਅਠੌਲੀ ਤੋਂ ਇਲਾਵਾ ਨਜ਼ਦੀਕੀ ਪਿੰਡਾਂ ਦੇ ਵਸਨੀਕਾਂ ਨੇ ਇਸ ਕੈਂਪ ਦਾ ਲਾਭ ਉਠਾਇਆ। ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕੈਂਪ ਦੌਰਾਨ ਤਿਆਰ ਹੋਏ ਲੋੜਵੰਦਾਂ ਦੇ ਜ਼ਰੂਰੀ ਦਸਤਾਵੇਜ ਭੇਂਟ ਕਰਦਿਆਂ ਦੱਸਿਆ ਕਿ ਸੂਬੇ ਦੀ ਹਰਮਨ ਪਿਆਰੀ ਭਗਵੰਤ ਮਾਨ ਸਰਕਾਰ ਕ੍ਰਾਂਤੀਕਾਰੀ ਕਦਮ ਚੁੱਕਦਿਆਂ ਹੋਇਆ ਜਨਤਾ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਦਾ ਯਤਨ ਕਰ ਰਹੀ ਹੈ। ਉਹਨਾਂ ਬੀਤੇ ਦਿਨ ਪੰਜਾਬ ਵਿਧਾਨਸਭਾ 'ਚ ਪਾਸ ਹੋਏ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੁਲੇਸ਼ਨ ਸੰਸ਼ੋਧਨ ਬਿਲ ਦਾ ਜਿਕਰ ਕਰਦਿਆਂ ਕਿਹਾ ਕਿ 500 ਗਜ ਦੇ ਪਲਾਟਾਂ ਲਈ ਐਨ.ਓ.ਸੀ. ਦੀ ਸ਼ਰਤ ਖਤਮ ਕਰਕੇ ਭਗਵੰਤ ਮਾਨ ਸਰਕਾਰ ਨੇ ਇਕ ਵਾਰ ਫਿਰ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ ਕਿਉਂਕਿ ਮਕਾਨ ਜਾਂ ਪਲਾਟ ਦੀ ਖਰੀਦੋ ਫਰੋਖਤ ਕਰਨ ਵਾਲੇ ਆਮ ਲੋਕਾਂ ਲਈ ਇਹ ਇਕ ਵੱਡੀ ਰਾਹਤ ਦੀ ਗੱਲ ਹੈ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਰਾਜੂ ,ਹਰਮੇਸ਼ ਪਾਠਕ ਪਾਠਕ ,ਕੁਲਵਿੰਦਰ ਸਿੰਘ ਕਾਲਾ ਸਾਬਕਾ ਸਰਪੰਚ,ਸਤਨਾਮ ਸਿੰਘ ਸਿੱਧੂ ਸਾਬਕਾ ਸਰਪੰਚ,ਹਰਵਿੰਦਰ ਸਿੰਘ ਕਾਲੂ ਸਾਬਕਾ ਸਰਪੰਚ, ਜਗਜੀਤ ਸਿੰਘ ਪ੍ਰਮਾਰ ਪੰਚਾਇਤ ਅਫਸਰ,ਪੰਚਾਇਤ ਸੈਕਟਰੀ ਮਲਕੀਤ ਚੰਦ ਕੰਗ,ਟੀ. ਏ. ਜਸਕਰਨ ਵਰਮਾ,ਏ. ਪੀ. ®. ਸੁਰਿੰਦਰ ਪਾਲ ਸਿੰਘ , ਰਮਨ ਕੁਮਾਰੀ ਅਤੇ ਸੋਨੀਆ ਜੀ. ਆਰ. ਐੱਸ.,ਪ੍ਰਮਜੀਤ ਰਾਮ ਕਾਨੂੰਗੋ ,ਚਰਨਜੀਤ ਸਿੰਘ ਪੰਚ,ਲਵਦੀਪ ਸਿੰਘ ਲੰਬਰਦਾਰ,ਮੁੱਲਖ ਰਾਜ ਲੰਬਰਦਾਰ,ਅਵਤਾਰ ਚੰਦ,ਹਜ਼ਾਰਾ ਸਿੰਘ,ਗੁਰਜੀਤ ਸਿੰਘ,ਗੁਰਦੀਪ ਸਿੰਘ,ਸਟੀਫਨ ਸਿੰਘ,ਗੁਰਬਖਸ਼ ਸਿੰਘ ਅਠੌਲੀ ,ਮੇਜਰ ਸਿੰਘ ,ਸੋਮ ਨਾਥ ਆਦਿ ਵੀ ਹਾਜ਼ਰ ਸਨ



## ਜੋਗਿੰਦਰ ਸਿੰਘ ਮਾਨ ਨੇ ਵੰਡੇ ਕੈਂਪ ਦੌਰਾਨ ਤਿਆਰ ਦਸਤਾਵੇਜ

ਰੋਜ਼ਾਨਾ ਲੋਕ ਬਾਣੀ www.lokbani

# ਖੇਤੀਬਾੜੀ ਵਿਭਾਗ ਧਾਰੀਵਾਲ ਵਿਖੇ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਲਈ ਕੀਤਾ ਜਾਗਰੂਕ



ਗੁਰਦਾਸਪੁਰ-ਨਵਨੀਤ ਕੁਮਾਰ -
ਡਿਪਟੀ ਕਮਿਸ਼ਨਰ, ਸ੍ਰੀ ਉਮਾ ਸੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਿਲ੍ਹੇ ਅੰਦਰ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਲੋੜੀਦੀ ਮਸ਼ੀਨਰੀ ਉਪਲੱਬਧ ਕਰਵਾਉਣ ਹਿੱਤ ਜਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਨਾਇਬ ਤਹਿਸੀਲਦਾਰ ਧਾਰੀਵਾਲ ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਖੇਤੀਬਾੜੀ ਵਿਭਾਗ ਵਲੋਂ ਪਿੰਡ ਪੱਧਰ ਤੱਕ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸਦੇ ਚੱਲਦਿਆਂ ਬਲਾਕ ਧਾਰੀਵਾਲ ਵਿਖੇ ਸੀ. ਆਰ.ਐਮ ਆਈਈਸੀ ਸਕੀਮ ਅਧੀਨ ਝੋਨੇ ਦੀ ਪਰਾਲੀ ਦੀ ਰਹਿੰਦ ਖੂੰਹਦ ਨੂੰ ਬਿਨਾਂ ਅੱਗ ਲੱਗਾਏ ਖੇਤ ਵਿਚ ਵਾਹੁਣ ਅਤੇ ਈਕੀਵਾਈਸੀ ਸਬੰਧੀ ਜਾਗਰੂਤਾ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਅਤੇ ਅੱਗ ਲਗਾਏ ਬਗੈਰ ਫਸਲ ਬੀਜਣ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅਗਾਂਹਵਧੂ ਕਿਸਾਨ ਜਿਨ੍ਹਾਂ ਵਲੋਂ ਨਾੜ ਨੂੰ ਸਾੜੇ ਬਿਨਾਂ ਫਸਲ ਬੀਜੀ ਜਾ ਰਹੀ ਹੈ, ਉਨ੍ਹਾਂ ਵੀ ਆਪਣੇ ਸਫਲ ਤਜਰਬੇ ਸਾਰਿਆਂ ਨਾਲ ਸਾਂਝੇ ਕੀਤੇ ਗਏ।

ਰੋਜ਼ਾਨਾ ਲੋਕ ਬਾਣੀ www.lokbani

# ਮਲਟੀਮੀਡੀਆ ਹਾਲ ਵਿੱਚ ਸ਼੍ਰੀਮਤੀ ਸਿਕੰਦਰਾ ਦੇਵੀ ਦੀ ਤਸਵੀਰ ਲਗਾਈ

ਰੋਜ਼ਾਨਾ ਲੋਕ ਬਾਣੀ
www.lokbani




ਚੰਡੀਗੜ੍ਹ। (ਲੋਕ ਬਾਣੀ) ਸ਼੍ਰੀਮਤੀ ਸਿਕੰਦਰਾ ਦੇਵੀ ਦੀ ਤਸਵੀਰ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਐਮ.ਡੀ.ਏ.ਵੀ. ਭਵਨ, ਚੰਡੀਗੜ ਦੇ ਸ਼੍ਰੀਮਤੀ ਸਿਕੰਦਰਾ ਦੇਵੀ ਮੈਮੋਰੀਅਲ ਮਲਟੀਮੀਡੀਆ ਹਾਲ ਵਿੱਚ ਲਗਾਈ ਗਈ ਹੈ। ਸਕੂਲ ਦੇ ਪਿ੍ੰਸੀਪਲ ਡਾ: ਵਿਨੋਦ ਸ਼ਰਮਾ ਨੇ ਕਿਹਾ ਕਿ ਸ੍ਰੀਮਤੀ ਸਿਕੰਦਰਾ ਦੇਵੀ ਉੱਚ ਵਿਚਾਰਾਂ ਵਾਲੀ ਔਰਤ ਸੀ। ਵਿੱਦਿਆ ਦੇ ਪ੍ਰਸਾਰ ਵਿੱਚ ਅਥਾਹ ਵਿਸ਼ਵਾਸ ਸੀ। ਉਨ੍ਹਾਂ ਅਨੁਸਾਰ ਗਿਆਨ ਹਰ ਕਿਸੇ ਤੱਕ ਪਹੁੰਚਣਾ ਚਾਹੀਦਾ ਹੈ। ਉਸ ਨੇ ਪਿੰਡ ਦੇ ਬੱਚਿਆਂ ਅਤੇ ਔਰਤਾਂ ਵਿੱਚ ਆਪਣਾ ਗਿਆਨ ਸਾਂਝਾ ਕੀਤਾ। ਉਹ ਵਿਦਿਅਕ ਸੰਸਥਾਵਾਂ ਅਤੇ ਅਧਿਆਪਕਾਂ ਦਾ ਬਹੁਤ ਸਤਿਕਾਰ ਕਰਦੀ ਸੀ। ਅਜਿਹੇ ਉੱਚ ਆਦਰਸ਼ਾਂ ਵਾਲੀ ਔਰਤ ਦੀ ਤਸਵੀਰ ਸਥਾਪਤ ਕਰਨਾ ਸ਼ਲਾਘਾਯੋਗ ਕਦਮ ਹੈ। ਸਿੱਖਿਆ ਨਾਲ ਜੁੜੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਸ ਨੂੰ ਨੇੜਿਓਂ ਜਾਣਨ ਦਾ ਮੌਕਾ ਮਿਲੇਗਾ। ਮਲਟੀਮੀਡੀਆ ਹਾਲ ਚ ਆਉਣ ਵਾਲੇ ਲੋਕਾਂ ਨੂੰ ਮਹਾਰਿਸ਼ੀ ਦਯਾਨੰਦ ਸਰਸਵਤੀ, ਸ਼੍ਰੀ ਰਾਮ, ਸਵਾਮੀ ਵਿਰਜਾਨੰਦ ਮਹਾਰਿਸ਼ੀ ਦਯਾਨੰਦ ਸਰਸਵਤੀ, ਮਹਾਤਮਾ ਹੰਸਰਾਜ, ਸਵਾਮੀ ਸ਼ਰਧਾਨੰਦ, ਮਹਾਤਮਾ ਆਨੰਦ ਸਵਾਮੀ, ਲਾਲਾ ਲਾਜਪਤ ਰਾਏ, ਪੰਡਿਤ ਗੁਰੂਦੱਤ ਵਿਦਿਆਰਥੀ, ਤਾਤਿਆ ਟੋਪੇ, ਰਾਜਾ ਰਾਮਮੋਹਨ ਰਾਏ, ਬਾਲ ਰਾਮਮੋਹਨ ਰਾਏ, ਟੀ. , ਸਰਦਾਰ ਵਲਭ ਭਾਈ ਪਟੇਲ, ਮਹਾਰਾਣਾ ਪ੍ਰਤਾਪ, ਸ਼ਹੀਦ ਭਗਤ ਸਿੰਘ, ਸੁਖਦੇਵ, ਵਿਪਨ ਚੰਦਰ ਪਾਲ ਆਦਿ ਵਰਗੇ ਸਮਾਜ ਸੁਧਾਰਕਾਂ ਅਤੇ ਸ਼ਹੀਦਾਂ ਦੀਆਂ ਝਲਕੀਆਂ ਦੇਖ ਸਕਦੇ ਹਨ। ਇਨ੍ਹਾਂ ਤਸਵੀਰਾਂ ਤੋਂ ਲੋਕਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੇ ਕਿਹਾ ਕਿ ਸਮਾਜ ਵਿੱਚ ਪ੍ਰਚਲਿਤ ਅਡੰਬਰ ਨੂੰ ਦੂਰ ਕਰਨ ਵਿੱਚ ਸਮਾਜ ਸੁਧਾਰਕਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦਾਂ ਨੂੰ ਸਲਾਮ ਕਰਦੇ ਹਾਂ। ਉਨ੍ਹਾਂ ਨੇ ਸ਼੍ਰੀਮਤੀ ਸਿਕੰਦਰਾ ਦੇਵੀ ਦੀ ਤਸਵੀਰ ਲਗਾਉਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਮਲਟੀਮੀਡੀਆ ਹਾਲ ਪ੍ਰੋਜੈਕਟਰ ਨਾਲ ਲੈਸ ਹੈ। ਇਹ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਆਪਣੇ ਵਿਸ਼ਿਆਂ ਬਾਰੇ ਜਾਣਕਾਰੀ ਦਿੰਦੇ ਹਨ। ਐਨਆਰਆਈ ਸੁਦਰਸ਼ਨ ਗਰਗ ਨੇ ਫਰਨੀਚਰ ਦਾਨ ਕੀਤਾ ਅਤੇ ਏਅਰ ਕੰਡੀਸ਼ਨਰ ਬਣਾਉਣ ਵਿੱਚ ਯੋਗਦਾਨ ਪਾਇਆ। ਪੇਂਡੂ ਖੇਤਰਾਂ ਦੇ ਹੋਰ ਅਦਾਰੇ ਵੀ ਇਸ ਦੀ ਵਰਤੋਂ ਕਰ ਰਹੇ ਹਨ। ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਇਸ ਦੀ ਬਹੁਤ ਲੋੜ ਸੀ

# ਵਿਸ਼ਾਲ ਮਿਸ਼ਰਾ ਨੇ ਦਿਲੋਂ ਹਿੱਟ ਦੇ ਬਹੁਤ ਹੀ ਉਮੀਦ ਕੀਤੇ ਸੀਕਵਲ ਦਾ ਪਰਦਾਫਾਸ਼ ਕੀਤਾ: ਆਜ ਭੀ 2'

(ਲੋਕ ਬਾਣੀ) ਮਸ਼ਹੂਰ ਗਾਇਕ ਅਤੇ ਸੰਗੀਤਕਾਰ ਵਿਸ਼ਾਲ ਮਿਸ਼ਰਾ ਆਪਣੀ ਤਾਜ਼ਾ ਰਿਲੀਜ਼, ਆਜ ਭੀ 2' ਨਾਲ ਦਿਲਾਂ ਨੂੰ ਮੋਹ ਲੈਣ ਲਈ ਵਾਪਸ ਆ ਗਏ ਹਨ। 2020 ਦੇ ਹਿੱਟ ਆਜ ਭੀ ਦਾ ਬਹੁਤ-ਉਡੀਕ ਸੀਕਵਲ, ਰੂਹ ਨੂੰ ਸਕੂਨ ਦੇਣ ਵਾਲਾ ਅਨੁਭਵ ਪੇਸ਼ ਕਰਦੇ ਹੋਏ, ਨੁਕਸਾਨ ਅਤੇ ਦਿਲ ਟੁੱਟਣ ਦੀਆਂ ਭਾਵਨਾਵਾਂ ਨੂੰ ਡੂੰਘਾਈ ਨਾਲ ਪੇਸ਼ ਕਰਦਾ ਹੈ।ਆਜ ਭੀ 2' ਵਿਛੋੜੇ ਤੋਂ ਬਾਅਦ ਲੰਮੀ ਹੋਈ ਪੀੜ ਦੀ ਇੱਕ ਦਰਦਨਾਕ ਉਦਹਾਰਣ ਹੈ। ਕੌਸ਼ਲ ਕਿਸ਼ੋਰ ਦੇ ਦਿਲਕਸ਼ ਬੋਲਾਂ ਅਤੇ ਵਿਸ਼ਾਲ ਦੀ ਸੁਚੱਜੀ ਰਚਨਾ ਦੇ ਨਾਲ, ਇਹ ਗੀਤ ਉਨ੍ਹਾਂ ਲੋਕਾਂ ਨਾਲ ਗੂੰਜਦਾ ਹੈ ਜਿਨ੍ਹਾਂ ਨੇ ਗੁਆਚੇ ਹੋਏ ਪਿਆਰ ਦੀ ਘਾਟ ਦਾ ਅਨੁਭਵ ਕੀਤਾ ਹੈ। ਇਹ ਵਿਛੋੜੇ ਦੀ ਉਦਾਸੀ ਅਤੇ ਉਸ ਤੋਂ ਬਾਅਦ ਆਉਣ ਵਾਲੀਆਂ ਕੌੜੀਆਂ ਮਿੱਠੀਆਂ ਯਾਦਾਂ ਨੂੰ ਖ਼ੂਬਸੂਰਤੀ ਨਾਲ ਦਰਸਾਉਂਦਾ ਹੈ।

ਗੀਤ ਤੇ ਵਿਚਾਰ ਕਰਦੇ ਹੋਏ ਵਿਸ਼ਾਲ ਨੇ ਕਿਹਾ, ਮੈਂ ਆਮ ਤੌਰ ਤੇ ਸੀਕਵਲ ਲਈ ਨਹੀਂ ਹਾਂ, ਪਰ ਆਜ ਵੀ 2' ਬਣਾਉਣਾ ਸੀ। ਇਹ ਉਹਨਾਂ ਲਈ ਹੈ ਜੋ ਇੱਕ ਭਾਵਨਾ ਨਾਲ ਜਿਉਂਦੇ ਹਨ ਜੋ ਉਹ ਪ੍ਰਗਟ ਨਹੀਂ ਕਰ ਸਕਦੇ, ਜਿੱਥੇ ਵੀ ਜਾਂਦੇ ਹਨ ਇਸ ਦੇ ਦਰਦ ਨੂੰ ਚੁੱਕਦੇ ਹਨ. ਇਹ ਗੀਤ ਸਿਰਫ਼ ਦਿਲ ਟੁੱਟਣ ਬਾਰੇ ਨਹੀਂ ਹੈ; ਇਹ ਸਾਰੇ ਗੁਆਚੇ ਪਿਆਰਾਂ ਅਤੇ ਲੜੀਆਂ ਗਈਆਂ ਲੜਾਈਆਂ ਲਈ ਇੱਕ ਸਾਥੀ ਹੈ। ਮੈਨੂੰ ਉਮੀਦ ਹੈ ਕਿ ਇਹ ਤੁਹਾਨੂੰ ਠੀਕ ਕਰ ਦੇਵੇਗਾ।

ਵਿਸ਼ਾਲ ਦੀਆਂ ਪਿਛਲੀਆਂ ਹਿੱਟ ਫਿਲਮਾਂ ਜਿਵੇਂ ਪਹਿਲੇ ਭੀ ਮਾਈ; ਜਾਨਮ ਅਤੇ ਜ਼ਿਹਾਲ ਏ ਮੁਸਕੀਨ ਨੇ ਬਾਲੀਵੁੱਡ ਸੰਗੀਤ ਵਿੱਚ ਉਸਦੀ ਜਗ੍ਹਾ ਪੱਕੀ ਕੀਤੀ ਹੈ। ਪ੍ਰਸ਼ੰਸਕ ਬੇਸਬਰੀ ਨਾਲ ਆਜ ਭੀ 2' ਦੀ ਉਡੀਕ ਕਰ ਰਹੇ ਸਨ ਅਤੇ ਸ਼ੁਰੂਆਤੀ ਝਲਕ ਇੱਕ ਹੋਰ ਚਾਰਟ-ਟੌਪਿੰਗ ਸਫਲਤਾ ਦਾ ਸੁਝਾਅ ਦਿੰਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਟਰੈਫਿਕ ਪੁਲਿਸ ਨੇ ਧੂਰੀ ਸ਼ਹਿਰ ਦੀਆਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਕੀਤੀ ਸ਼ੁਰੂ

ਧੂਰੀ, (ਲੋਕ ਬਾਣੀ) ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇੰਚਾਰਜ ਟਰੈਫਿਕ ਜ਼ਿਲਾ ਪੁਲਿਸ ਸੰਗਰੂਰ ਥਾਣੇਦਾਰ ਪਵਨ ਕੁਮਾਰਦੀ ਅਗਵਾਈ 'ਚ ਟੀਮ ਵਲੋਂ ਕਾਰਵਾਈ ਕਰਦੇ ਹੋਏ ਧੂਰੀ ਚੋਂ ਨਾਜਾਇਜ਼ ਕਬਜ਼ੇ ਹਟਾਏ ਗਏ। ਟ੍ਰੈਫਿਕ ਪੁਲਿਸ ਦੀ ਟੀਮ ਵੱਲੋਂ ਸੜਕ ਕਿਨਾਰੇ ਲਗਾਈਆਂ ਗਈਆਂ ਸਬਜ਼ੀ, ਜੂਸ ਤੇ ਫਾਸਟ ਫੂਡ ਦੀਆਂ ਰੇਹੜੀਆਂ ਵਾਲਿਆਂ ਨੂੰ ਨੋਟਿਸ ਦਿੰਦੇ ਹੋਏ ਜਲਦ ਨਾਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦਿੱਤੀ ਗਈ।

ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਸ਼ਾਮ ਵੇਲੇ ਕੰਮਕਾਜ ਵਾਲੇ ਲੋਕਾਂ ਦੀ ਘਰ ਵਾਪਸੀ ਹੋਣ ਕਾਰਨ ਰੋਡ ਉਪਰ ਜ਼ਿਆਦਾ ਟ੍ਰੈਫਿਕ ਹੋ ਜਾਂਦੀ ਹੈ ਤੇ ਰੇਹੜੀਆਂ ਵਾਲਿਆਂ ਤੇ ਦੁਕਾਨਦਾਰਾਂ ਵੱਲੋਂ ਬਾਹਰ ਸਮਾਨ ਲਗਾ ਕੇ ਕੀਤੇ ਗਏ ਨਜਾਇਜ਼ ਕਬਜ਼ਿਆਂ ਕਾਰਨ ਰੋਡ ਉਪਰ ਜਾਮ ਲੱਗਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦੀ ਟੀਮ ਪਹਿਲਾਂ ਵੀ ਕਈ ਵਾਰ ਦੁਕਾਨਦਾਰਾਂ ਤੇ ਰੇਹੜੀਆਂ ਲਗਾਉਣ ਵਾਲਿਆਂ ਨੂੰ ਨਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦੇ ਚੁੱਕੀ ਹੈ ਪਰ ਕੁਝ ਦਿਨਾਂ ਬਾਅਦ ਹਾਲ ਫਿਰ ਉਹੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰੇਹੜੀਆਂ ਵਾਲਿਆਂ ਕਾਰਨ ਟ੍ਰੈਫਿਕ ਦੀ ਵਧਦੀ ਜਾ ਰਹੀ ਇਸ ਸਮੱਸਿਆ ਨੂੰ ਵੇਖਦਿਆਂ ਨਜਾਇਜ਼ ਕਬਜ਼ੇ ਕਰਵਾਉਣ ਵਾਲੇ ਦੁਕਾਨਦਾਰਾਂ ਤੇ ਰੇਹੜੀਆਂ ਵਾਲਿਆਂ ਨੂੰ ਨੋਟਿਸ ਜਾਰੀ ਕਰਦਿਆਂ ਰੇਹੜੀਆਂ ਸੜਕ ਤੋਂ ਪਿੱਛੇ ਹਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨੋਟਿਸ ਦੇਣ ਉਪਰੰਤ ਵੀ ਜੇਕਰ ਆਉਣ ਵਾਲੇ ਦਿਨਾਂ



'ਚ ਕਿਸੇ ਵੀ ਦੁਕਾਨਦਾਰ ਜਾਂ ਰੇਹੜੀ ਵਾਲੇ ਨੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ੇ ਕਰਦੇ ਹੋਏ ਟ੍ਰੈਫਿਕ ਸਮੱਸਿਆ ਵਧਾਈ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਦੁਕਾਨਾਂ ਦੇ ਬਾਹਰ ਸਮਾਨ ਰੱਖ ਕੇ ਟਰੈਫਿਕ ਵਿੱਚ ਵਿਘਨ ਨਾ ਪਾਇਆ ਜਾਵੇ ਨਹੀਂ ਤਾਂ ਅਗਲੀ ਵਾਰ ਸਮਾਨ ਨੂੰ ਜ਼ਬਤ ਕਰ ਲਿਆ ਜਾਵੇਗਾ।ਟ੍ਰੈਫਿਕ ਪੁਲਿਸ ਵੱਲੋਂ ਮਾਰਕੀਟ 'ਚ ਗਲਤ ਪਾਰਕਿੰਗ ਕਰਕੇ ਖੜੀਆਂ ਗੱਡੀਆਂ ਤੇ ਗਲਤ ਸਾਈਡ ਤੇ ਵ੍ਹੀਕਲ ਚਲਾ ਰਹੇ ਚਲਾਕਾਂ ਦੇ ਮੌਕੇ ਤੇ ਚਲਾਨ ਵੀ ਕੱਟੇ ਜਾ ਰਹੇ ਹਨ। ਇਸ ਮੌਕੇ ਟ੍ਰੈਫਿਕ ਪੁਲਿਸ ਧੂਰੀ ਦੇ ਇੰਚਾਰਜ ਸੰਜੇ ਕੁਮਾਰ ਵੀ ਹਾਜ਼ਰ ਸਨ ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgieries, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow!
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL EXCELLENCE 64 YEARS
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements in 2022-2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565
www.stsoldiergroup.com